# DR. RAGHUBIR PARKASH

## S.D. SEN .SEC. SCHOOL BARNALA

## S.D. COLLEGE CAMPUS

*Academic Courses*
*Secondary & Senior Secondary Courses*

# 2025-26 Prospectus



# The Road To Success

*The road to success is steep and long,*
*Full of challenges, where you must be strong.*
*With each step forward, keep your vision clear,*
*Success is the destination, have no fear.*
*Embrace the struggles, learn from each fall,*
*Rise again, for success is a call.*
*Persevere with passion, let your dreams guide,*
*Success is earned, not just a side.*

## Dr. Raghubir Parkash Ji
1906-1997



# Our Founder


Rare are the persons, who live a true life. Dr. Raghubir Parkash, a multifaceted personality, a physician, an educationist, a freedom fighter and a politician was born in a small village Chunagrah near Patran in 1906. He was the first qualified doctor of this area who did his M.B.B.S from Medical College Lahore and chose this backward area Barnala to provide his medical services.

He established Sanatan Dharam Sabha and to literate the people of this region, started S.D. School in this city Barnala. But his untiring efforts didn't cease here until in 1956 he laid the foundation of S.D College Barnala and fostered it at the nascent stage as Founder President. As a result, this prestigious institution earned a distinctive place in the educational area.

He actively participated in for the emancipation of our motherland. In 1931, when S. Bhagat Singh, Raj Guru & Sukhdev were hanged to death by the British Government, he participated in the protest march and during this protest march, he was lathi-charged and sent to jail for two months. In 1952, he became the first M.L.A of Barnala constituency and contributed a lot to the development of Barnala. He remained a devoted member of Congress party throughout his life.

A true freedom fighter, a social worker and a man ever his duties towards and a man ever aware of his duties towards his own self as towards humanity and beloved of every heart, left for his heavenly abode on Nov 26, 1997 leaving indelible imprints on the minds of the people.

## Pandit Anand Sarup Ji
1917-1987



# Our Founder

Pandit Anand Saroop, a dynamic personality, a true Congress party worker who whole heartedly dedicated to the service of the society, was born at Barnala in Pandit Sarav Dyal family in 1917.

He started his career by joining the police department facing the challenges of this job courageously. However, in the police force his dream to serve the society could not be accomplished. So, he bade good bye to this job. To realize his goal to be the kin of the masses, he active the kin of the masses, he remained an active member of the Municipal Committee. consecutively for nine years and contributed. a lot in bringing about constructive changes in the city. He also remained the President of the Truck Union.

Besides being a philanthropist and al leading member of S.D. Sabha, his contribution in the field of education was praiseworthy. Being General Secretary of the Managing Committee of S.D. College Barnala, he worked meticulously for the systematic development and growth of the institution. Along with the founder President Dr. Raghubir Parkash and Sh. Darbari Lal Tondon, he parented the college inimitably with his care and support. It was his cherished dream that the students of this region should become better human beings to lead the society on the progressive path. But this adorable spirit left us to his heavenly abode on 19.01.87. Salute to this mighty spirit!

# Our Mentors



**DR. ANEESH PARKASH**
President



**SH. NARESH KUMAR**
Vice President



**SH. JATINDER NATH SHARMA**
Gen. Secretary



**SH. M.L BANSAL**
Finance Secretary



**SH. H.S ATTARI**
Director

A MENTOR IS A GUIDING LIGHT A PILLAR OF STRENGTH A HAND THAT NURTURES

# ਸੰਦੇਸ਼



ਮੇਰੇ ਪਿਆਰੇ ਵਿਦਿਆਰਥੀਓ

ਨਵਾਂ ਅਕਾਦਮਿਕ ਵਰ੍ਹਾ ਸਭ ਨੂੰ ਮੁਬਾਰਕ।

ਇਸ ਵਰ੍ਹੇ ਫੇਰ ਮੈਂ ਇਲਾਕੇ ਦੀ ਮਾਣਮਤੀ ਸੰਸਥਾ ਡਾ. ਰਘੁਬੀਰ ਪ੍ਰਕਾਸ਼ ਐਸ. ਡੀ. ਸੀਨੀਅਰ ਸੈਕੰਡਰੀ ਸਕੂਲ ਵਲੋਂ ਤੁਹਾਨੂੰ ਸਭ ਨੂੰ ਮੁਖਾਤਿਬ ਹੋ ਰਿਹਾ ਹਾਂ। ਸੰਸਥਾ ਇਲਾਕੇ ਦੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਤੋਂ ਵਚਨਬੱਧ ਰਿਹਾ ਹੈ। ਤੁਸੀਂ ਸਾਰੇ ਹੀ ਸੰਸਥਾ ਦੇ ਇਤਿਹਾਸ ਤੋਂ ਜਾਣੂ ਹੋ। ਸਮੂਚੇ ਮਾਲਵੇ ਦੇ ਖਿਤੇ ਵਿਚ 1956 ਤੋਂ ਨਿਰੰਤਰ ਐਸ. ਡੀ. ਕਾਲਜ ਵਿਦਿਅਕ ਸੰਸਥਾਵਾਂ ਵਿੱਦਿਆ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਦੇ ਰਹੀਆਂ ਹਨ। ਡਾ. ਰਘੁਬੀਰ ਪ੍ਰਕਾਸ਼ ਐਸ. ਡੀ. ਸੀਨੀਅਰ ਸਕੰਡਰੀ ਸਕੂਲ ਦੀ ਇਹਨਾਂ ਸੰਸਥਾਵਾਂ ਦਾ ਹੀ ਅਨਿੱਖੜਵਾਂ ਅੰਗ ਹੈ। ਤੁਹਾਡੇ ਸਭ ਦੇ ਭਵਿੱਖ ਨੂੰ ਸੰਵਾਰਨ ਲਈ ਸੰਸਥਾ ਵਿਚ ਹਿਊਮੈਨਟੀਜ਼, ਸਾਇੰਸ, ਕਾਮਰਸ ਦੀਆਂ ਸੀਨੀਅਰ ਸੈਕੰਡਰੀ ਪੱਧਰ ਦੀਆਂ ਕਲਾਸਾਂ ਬੜੇ ਹੀ ਸੁਚਾਰੂ ਰੂਪ ਵਿਚ ਚਲਦੀਆਂ ਹਨ। ਵਿੱਦਿਆ ਦੇ ਬਿਹਤਰੀਨ ਪ੍ਰਬੰਧ ਲਈ ਸੰਸਥਾ ਕੋਲ ਸ਼ਾਨਦਾਰ ਇਮਾਰਤ, ਪ੍ਰਯੋਗਸ਼ਾਲਾ, ਆਧੁਨਿਕ ਕਲਾਸ੍ਰੂਮ ਆਦਿ ਸਭ ਕੁਝ ਮੌਜੂਦ ਹੈ।ਉਪਰੋਕਤ ਵਿਸ਼ਿਆਂ ਤੋਂ ਇਲਾਵਾ ਸੰਸਥਾ ਵਿੱਚ ਕਿੱਤਾ ਮੁਖੀ ਸਿੱਖਿਆ ਲਈ ਵੀ ਚੰਗੇਰੇ ਯਤਨ ਕਿਤੇ ਜਾ ਰਹੇ ਹਨ। ਇਲਾਕੇ ਦੀਆਂ ਹੋਰ ਸੰਸਥਾਵਾਂ ਦੇ ਮੁਕਾਬਲੇ ਬਹੁਤ ਹੀ ਵਾਜਬ ਫ਼ੀਸਾਂ ਨਿਰਧਾਰਿਤ ਕੀਤੀਆਂ ਗਈਆਂ ਹਨ। ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸੱਭਿਆਚਾਰਕ ਅਤੇ ਗੁਣਾਤਮਕ ਗਤੀਵਿਧੀਆਂ ਦਾ ਸਮੇਂਸਮੇਂ ਤੇ ਆਯੋਜਨ ਕੀਤਾ ਜਾਂਦਾ ਹੈ। ਤਿੰਨੋਂ ਸਟ੍ਰੀਮਜ਼ ਵਿਚ ਦਾਖਲੇ ਆਰੰਭ ਹੋ ਚੁਕੇ ਹਨ । ਸਕੂਲ ਦਾ ਉਚ ਯੋਗਤਾ ਪ੍ਰਾਪਤ ਸਟਾਫ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਤਨਦੇਹੀ ਨਾਲ ਸੇਵਾ ਨਿਭਾਉਂਦਾ ਆ ਰਿਹਾ ਹੈ। ਇਸ ਤੋਂ ਇਲਾਵਾ ਸੰਸਥਾ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਨਾਮਵਰ ਖਿਡਾਰੀ ਤਿਆਰ ਕੀਤੇ ਹਨ। ਪਿਛਲੇ ਵਰਿਆਂ ਦੇ ਵਿਦਿਆਰਥੀ ਇੰਜੀਨੀਅਰਿੰਗ, ਡਾਕਟਰੀ, ਵਕਾਲਤ, ਪ੍ਰਸ਼ਾਸਨਿਕ ਸੇਵਾਵਾਂ ਵਿਚ ਆਪਣਾ ਯੋਗਦਾਨ ਦੇ ਰਹੇ ਹਨ। ਲੋਕ ਸੇਵਾ ਦੇ ਨਿਰਮਾਣ ਲਈ ਸੰਸਥਾ ਹਮੇਸ਼ਾ ਵਚਨਬੱਧ ਹੈ।

ਤੁਹਾਡੇ ਸਭ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਾ ਹੋਇਆ।

ਤੁਹਾਡਾ
ਕਸ਼ਮੀਰ ਸਿੰਘ
(ਪ੍ਰਿੰਸੀਪਲ)

# ਸੰਖੇਪ ਇਤਿਹਾਸ

ਐਸ.ਡੀ.ਕਾਲਜ ਐਜੂਕੇਸ਼ਨਲ ਸੋਸਾਇਟੀ ਨੇ 1956 ਦੇ ਵਿੱਚ ਇਸ ਪਛੜੇ ਖੇਤਰ ਦੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਦਾ ਬੀੜਾ ਚੁੱਕਿਆ, ਜਿਸ ਨੂੰ ਪਿਛਲੇ 67 ਸਾਲਾਂ ਤੋਂ ਲਗਾਤਾਰ ਸਫਲਤਾ ਪੂਰਵਕ ਨੇਪਰੇ ਚੜਾਇਆ ਜਾ ਰਿਹਾ ਹੈ। ਡਾ. ਰਘੂਬੀਰ ਪ੍ਰਕਾਸ਼ ਜੀ ਦੀ ਗਤੀਸ਼ੀਲ, ਉਤਸ਼ਾਹੀ ਅਤੇ ਦੂਰ-ਦ੍ਰਿਸ਼ਟੀਵਾਨ ਅਗਵਾਈ ਦੇ ਅਧੀਨ ਚਲਦਿਆਂ ਸੰਸਥਾ ਦੇ ਵਿਦਿਆਰਥੀਆਂ ਨੇ ਨਾ ਸਿਰਫ ਸਿੱਖਿਆ ਬਲਕਿ ਖੇਡਾਂ ਅਤੇ ਹੋਰਨਾਂ ਖੇਤਰਾਂ ਵਿੱਚ ਵੀ ਬੁਲੰਦੀਆਂ ਨੂੰ ਛੂਹਿਆ ਹੈ। ਸਮੇਂ ਦੇ ਨਾਲ-ਨਾਲ ਜਿੱਥੇ ਸੰਸਥਾ ਨੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ, ਉੱਥੇ ਹੀ ਸਮੇਂ-ਸਮੇਂ ਤੇ ਨਵੀਆਂ ਸੰਸਥਾਵਾਂ ਵੀ ਸ਼ੁਰੂ ਕੀਤੀਆਂ ਜਿਹਨਾਂ ਦੇ ਵਿੱਚੋਂ ਡਾ. ਰਘੂਬੀਰ ਪ੍ਰਕਾਸ਼ ਐਸ.ਡੀ. ਸੀਨੀਅਰ ਸੈਕੰਡਰੀ ਸਕੂਲ ਉਸੇ ਲੜੀ ਦੀ ਇੱਕ ਬਹੁਤ ਮਹੱਤਵਪੂਰਨ ਕੜੀ ਹੈ। ਸਕੂਲ ਦੀ ਸ਼ੁਰੂਆਤ 2004 ਦੇ ਵਿੱਚ ਕੀਤੀ ਗਈ ਅਤੇ ਬਹੁਤ ਹੀ ਥੋੜੇ ਸਮੇਂ ਵਿੱਚ ਇਸ ਸਕੂਲ ਨੇ ਇਸ ਖੇਤਰ ਦੇ ਵਿੱਚ ਆਪਣਾ ਨਿਵੇਕਲਾ ਸਥਾਨ ਬਣਾਇਆ ਹੈ। ਸਕੂਲ ਦੇ ਵਿੱਚ ਸਿੱਖਿਆਰਥੀਆਂ ਦੇ ਵਿੱਦਿਅਕ, ਸਰੀਰਕ, ਮਾਨਸਿਕ ਆਦਿ ਖੇਤਰਾਂ ਦੇ ਸੰਤੁਲਿਤ ਵਿਕਾਸ ਦੇ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਸਕੂਲ ਦੇ ਵਿਦਿਆਰਥੀਆਂ ਵੱਲੋਂ ਪਿਛਲੇ ਸਾਲਾਂ ਦੇ ਵਿੱਚ ਵੱਖ-ਵੱਖ ਖੇਤਰਾਂ ਵਿਚ ਕੀਤੀਆਂ ਪ੍ਰਾਪਤੀਆਂ, ਇਹਨਾਂ ਉਪਰਾਲਿਆਂ ਦੀ ਹਾਮੀ ਭਰਦੀਆਂ ਹਨ।

# ਸਕੂਲ ਵਿੱਚ ਚਲਾਏ ਜਾਂਦੇ ਕੋਰਸ

| | | |
|---|---|---|
| ਨੌਵੀਂ ਸ਼੍ਰੇਣੀ | | (ਪੰਜਾਬ ਸਕੂਲ ਸਿੱਖਿਆ ਬੋਰਡ) |
| ਦਸਵੀਂ ਸ਼੍ਰੇਣੀ | | (ਪੰਜਾਬ ਸਕੂਲ ਸਿੱਖਿਆ ਬੋਰਡ) |
| ਮੈਡੀਕਲ ਅਤੇ ਨਾਨ-ਮੈਡੀਕਲ | +1 ਅਤੇ +2 | (ਪੰਜਾਬ ਸਕੂਲ ਸਿੱਖਿਆ ਬੋਰਡ) |
| ਕਾਮਰਸ | +1 ਅਤੇ +2 | (ਪੰਜਾਬ ਸਕੂਲ ਸਿੱਖਿਆ ਬੋਰਡ) |
| ਆਰਟਸ | +1 ਅਤੇ +2 | (ਪੰਜਾਬ ਸਕੂਲ ਸਿੱਖਿਆ ਬੋਰਡ) |

# Our Staff

**PRINCIPAL.**

**Kashmir Singh**
(M.A. Punjabi, M.A. Education), B.Ed. PSTET, Certificate in (GurmatUCC (NET) Educational)

**Dept. Of English:**

1. Lect. Ramandeep Kaur
M.A. (English, History) B.Ed. PSTET

2. Lect. Ramandeep Sharma
M.A. (English) B.Ed., M.Ed. PSTET

**Dept. Of Punjabi:**

1. Lect. Preeti Kaushal
M.A. (Punjabi, History, Education), B.Ed. Diploma Hair and Skin Care

2. Lect. Sukhwinder Kaur
M.A. (Punjabi) B.Ed. ,PSTET

**Dept. Of Economics:**

1. Lect. Meena Rani
M.A. (Economics) B.Ed.

**Dept. Of Political Science:**

1. Lect. Amarjot Kaur
M.A. (Political Science, History), B.Ed., M.Ed

**Dept. Of Hindi:**

1. Lect. Kirandeep
M.A. (Hindi) B.Ed.

**Dept. Of History:**

1. Lect. Taninderjit Kaur
M. Lib, M. Phil, MA (History) B.Ed.

**Dept. Of Public Administration**

1. Lect. Amarjot Kaur
M.A. (Political Science, History) B.Ed, M.Ed.

**Dept. Of Music:**

1. Lect. Jagjeet Singh
M.A. (Music) B.Ed.

**Dept. Of Chemistry**

1. Lect. Malka Rani
M.Sc (Chemistry), B.Ed, PSTET, CTET

2. Lect. Meetika Gupta
M.Sc (Chemistry) B.Ed, PSTET, CTET

3. Mrs. Amarjit Kaur
(Lab Attendant)

# Our Staff

### *Dept. Of Physics*

1. Lect. Achhra Garg
M.Sc (Physics) B.Ed.,CTET

2. Lect. Yogita
B.Sc (Hons), M.Sc. (Physics)
B.Ed., CTET, PSTET

3. Mr. Ram Singh
(Lab Attendant)

### *Dept. Of Biology*

1. Lect. Neeru Bansal
M.Sc (Botany) M. Phil, B.Ed, PSTET

2. Mr. Balwant Singh
(Lab Attendant)

### *Dept. Of Mathematics*

1. Lect. Samriti
M.Sc. (Math) B.Ed., PSTET

### *Dept. Of Environment Science*

1. Lect. Neeru Bansal
M.Sc. (Botany) M.Phil., B. Ed., PSTET

### *Dept. Of Commerce*

1. Lect. Harpreet Singh
M.Com, B.Ed., MBA

### *Dept. Of Physical Education*

1. Lect. Jaswinder Kaur
B.A, BPEd. MPEd.

### *Dept. Of Computer Science*

1. Lect. Shabnam Garg
M.Sc. (IT) MCA

2. Lect. Satwinder Kaur
M.Sc, MCA, PGDCA

3. Lect. Jaswinder Kaur
M.Sc (IT) MCA, PGDCA

### *Dept. Of Library*

1. Mrs. Taninderjit Kaur
M. Lib, M. Phil, MA (History) B.Ed.

*2. Mrs. Anu Parkash (Assistant)*

### *Administrative Block*

1. Mr. Bipan Kumar
2. Mr. Sukhvir Singh
3. Miss. Pushpinder Kaur

### *Office Assistants*

1. Mrs. Amarjit Kaur
2. Mr. Ram Singh
3. Mr. Paramjit Singh
4. Mr. Babu Singh

# ਅਧਿਐਨ ਅਤੇ ਕੋਰਸ

## ਨੌਵੀਂ ਸ਼੍ਰੇਣੀ ਅਤੇ ਦਸਵੀਂ ਸ਼੍ਰੇਣੀ

1. ਅੰਗਰੇਜੀ
2. ਪੰਜਾਬੀ
3. ਹਿੰਦੀ
4. ਸਮਾਜਿਕ ਸਿੱਖਿਆ
5. ਵਿਗਿਆਨ
6. ਹਿਸਾਬ
7. ਡਰਾਇੰਗ / ਸੰਗੀਤ
8. ਸਰੀਰਕ ਸਿੱਖਿਆ
9. ਕੰਪਿਊਟਰ
10. ਵਾਤਾਵਰਣਿਕ ਸਿੱਖਿਆ

## 10+1 ਅਤੇ 10+2 (ਆਰਟਸ)

| ਲਾਜ਼ਮੀ ਵਿਸ਼ੇ | ਅੰਕ |
|---|---|
| 1. ਅੰਗਰੇਜ਼ੀ | 100 |
| 2. ਪੰਜਾਬ / ਪੰਜਾਬ ਹਿਸਟਰੀ ਐਂਡ ਕਲਚਰ | 100 |
| 3. ਵਾਤਾਵਰਣਿਕ ਸਿੱਖਿਆ | 50 |
| 4. ਕੰਪਿਊਟਰ ਸਾਇੰਸ | 100 |

## ਚੋਣਵੇਂ ਵਿਸ਼ੇ (ਕੋਈ ਤਿੰਨ)

| | |
|---|---|
| 1. ਅਰਥਸ਼ਾਸਤਰ | 100 |
| 2. ਪੁਲਿਟੀਕਲ ਸਾਇੰਸ | 100 |
| 3. ਹਿਸਾਬ / ਇਤਿਹਾਸ | 100 |
| 4. ਸਰੀਰਕ ਸਿੱਖਿਆ/ ਮੀਡੀਆ ਸਟੱਡੀਜ | 100 |
| 5. ਪੰਜਾਬੀ ਸਾਹਿਤ / ਹਿੰਦੀ ਸਾਹਿਤ / | 100 |
| ਅੰਗਰੇਜ਼ੀ ਸਾਹਿਤ | 100 |
| 6. ਪਬਲਿਕ ਐਡਮਿਨਸਟ੍ਰੇਸ਼ਨ / ਸੰਗੀਤ | |
| 7. ਬਿੱਜਨੈਸ ਸਟੱਡੀਜ | 100 |
| 8. ਅਕਾਊਟੈਂਸੀ | 100 |



**ਨੋਟ :-**

1. ਸਰੀਰਕ ਸਿੱਖਿਆ ਦਾ ਵਿਸ਼ੇ ਲੈਣ ਵਾਲੇ ਵਿਦਿਆਰਥੀ ਦਾ ਕਿਸੇ ਇੱਕ ਗੇਮ ਵਿੱਚ ਭਾਗ ਲੈਣਾ ਜਰੂਰੀ ਹੋਵੇਗਾ। ਸਰੀਰਕ ਸਿੱਖਿਆ ਵਿਸ਼ਾ ਲੈਣ ਤੋਂ ਪਹਿਲਾਂ ਵਿਦਿਆਰਥੀ ਨੂੰ ਟਰਾਇਲ ਦੇਣਾ ਪਵੇਗਾ।
2. ਜਿਸ ਉਮੀਦਵਾਰ ਨੇ ਦਸਵੀਂ ਕਿਸੇ ਹੋਰ ਬੋਰਡ ਤੋਂ ਪਾਸ ਕੀਤੀ ਹੈ ਉਹ 10+1 ਅਤੇ 10+2 ਵਿੱਚ ਲਾਜ਼ਮੀ ਪੰਜਾਬੀ ਦੀ ਥਾਂ ਤੇ ਪੰਜਾਬ ਦਾ ਇਤਿਹਾਸ ਤੇ ਸੱਭਿਆਚਾਰ ਦੀ ਚੋਣ ਕਰ ਸਕਦਾ ਹੈ। ਅਜਿਹੇ ਵਿਦਿਆਰਥੀ
3. ਮੈਟ੍ਰਿਕ ਪੱਧਰ ਤੱਕ ਪੰਜਾਬੀ ਨਾ ਪੜ੍ਹਣ ਦਾ ਸਬੂਤ ਪੇਸ਼ ਕਰਨਗੇ। ਜਿਸ ਵਿਦਿਆਰਥੀ ਨੇ ਦਸਵੀਂ ਪੰਜਾਬ ਦਾ ਇਤਿਹਾਸ ਤੇ ਸੱਭਿਆਚਾਰ ਨਾਲ ਪਾਸ ਕੀਤੀ ਹੈ। ਉਹ ਗਿਆਰਵੀਂ ਵਿੱਚ ਵੀ ਇਹੀ ਵਿਸ਼ਾ ਲੈ ਸਕਦਾ ਹੈ।
4. ਕੋਈ ਵੀ ਵਿਦਿਆਰਥੀ ਦੋ ਤੋਂ ਵੱਧ ਪ੍ਰੈਕਟੀਕਲ ਵਿਸ਼ੇ ਨਹੀਂ ਲੈ ਸਕਦਾ।

## 10+1 (ਕਾਮਰਸ)

| ਸਾਰੇ ਜਰੂਰੀ ਵਿਸ਼ੇ | ਅੰਕ |
|---|---|
| 1. ਅੰਗਰੇਜੀ (ਲਾਜ਼ਮੀ) | 100 |
| 2. ਪੰਜਾਬੀ (ਲਾਜ਼ਮੀ) / ਪੰਜਾਬ ਹਿਸਟਰੀ ਐਂਡ ਕਲਚਰ | 100 |
| 3. ਵਾਤਾਵਰਣਿਕ ਸਿੱਖਿਆ (ਲਾਜ਼ਮੀ) | 50 |
| 4. ਕੰਪਿਊਟਰ ਸਾਇੰਸ | 100 |
| 5. ਬਿਜਨੈੱਸ ਸਟੱਡੀਜ਼ | 100 |
| 6. ਬੁੱਕ ਕੀਪਿੰਗ ਅਤੇ ਅਕਾਊਟੈਂਸੀ | 100 |
| 7. ਇਕਨਾਮਿਕਸ / MOP | 100 |

## 10+2 (ਕਾਮਰਸ)

| ਸਾਰੇ ਜਰੂਰੀ ਵਿਸ਼ੇ | ਅੰਕ |
|---|---|
| 1. ਅੰਗਰੇਜੀ (ਲਾਜ਼ਮੀ) | 100 |
| 2. ਪੰਜਾਬੀ (ਲਾਜ਼ਮੀ) / ਪੰਜਾਬ ਹਿਸਟਰੀ ਐਂਡ ਕਲਚਰ | 100 |
| 3. ਵਾਤਾਵਰਣਿਕ ਸਿੱਖਿਆ (ਲਾਜ਼ਮੀ) | 50 |
| 4. ਕੰਪਿਊਟਰ ਸਾਇੰਸ | 100 |
| 5. ਬਿਜਨੈੱਸ ਸਟੱਡੀਜ਼ | 100 |
| 6. ਅਕਾਊਟੈਂਸੀ | 100 |
| 7. ਇਕਨਾਮਿਕਸ / ਈ. ਬਿਜਨੈਸ | 100 |

## 10+1 ਅਤੇ 10+2 (ਮੈਡੀਕਲ)

| ਸਾਰੇ ਜਰੂਰੀ ਵਿਸ਼ੇ | ਅੰਕ |
|---|---|
| 1. ਅੰਗਰੇਜੀ (ਲਾਜ਼ਮੀ) | 100 |
| 2. ਪੰਜਾਬੀ (ਲਾਜ਼ਮੀ) / ਪੰਜਾਬ ਹਿਸਟਰੀ ਐਂਡ ਕਲਚਰ | 100 |
| 3. ਵਾਤਾਵਰਣਿਕ ਸਿੱਖਿਆ (ਲਾਜ਼ਮੀ) | 50 |
| 4. ਕੰਪਿਊਟਰ ਸਾਇੰਸ | 100 |
| 5. ਕੈਮਿਸਟਰੀ | 100 |
| 6. ਫਿਜ਼ਿਕਸ | 100 |
| 7. ਬਾਇਓਲੋਜੀ | 100 |

## 10+1 ਅਤੇ 10+2 (ਨਾਨ ਮੈਡੀਕਲ)

| ਸਾਰੇ ਜਰੂਰੀ ਵਿਸ਼ੇ | ਅੰਕ |
|---|---|
| 1. ਅੰਗਰੇਜੀ (ਲਾਜ਼ਮੀ) | 100 |
| 2. ਪੰਜਾਬੀ (ਲਾਜ਼ਮੀ) / ਪੰਜਾਬ ਹਿਸਟਰੀ ਐਂਡ ਕਲਚਰ | 100 |
| 3. ਵਾਤਾਵਰਣਿਕ ਸਿੱਖਿਆ (ਲਾਜ਼ਮੀ) | 50 |
| 4. ਕੰਪਿਊਟਰ ਸਾਇੰਸ | 100 |
| 5. ਕੈਮਿਸਟਰੀ | 100 |
| 6. ਫਿਜ਼ਿਕਸ | 100 |
| 7. ਮੈਥੇਮੈਟਿਕਸ | 100 |

**ਨੋਟ :- ਵਿਦਿਆਰਥੀ ਜਿਹੜੇ ਵਿਸ਼ੇ 10+1 ਕਾਮਰਸ ਵਿੱਚ ਪੜ੍ਹਨਗੇ ਉਹ ਹੀ ਵਿਸ਼ੇ 10+2 ਕਾਮਰਸ 'ਚ ਪੜ੍ਹਨੇ ਲਾਜਮੀ ਹੋਣਗੇ।**

# ਦਾਖ਼ਲੇ ਦੀ ਵਿਧੀ

## ਪ੍ਰਾਸਪੈਕਟਸ ਵਿਚੋਂ ਦਾਖ਼ਲਾ ਫ਼ਾਰਮ ਲੈ ਕੇ ਵਿਦਿਆਰਥੀ ਆਪਣੇ ਹੱਥੀਂ ਭਰੇ।

## ਹੇਠ ਲਿਖੇ ਸਰਟੀਫਿਕੇਟ ਨਾਲ ਨੱਥੀ ਕਰਨੇ ਜ਼ਰੂਰੀ ਹਨ:

1. ਦਸਵੀਂ ਪਾਸ ਦਾ ਸਰਟੀਫਿਕੇਟ (ਜਿਸ 'ਤੇ ਜਨਮ-ਤਾਰੀਖ਼ ਹੋਵੇ)
2. ਪਿਛਲੇ ਪਾਸ ਕੀਤੇ ਹੋਏ ਇਮਤਿਹਾਨ ਦਾ ਸਰਟੀਫਿਕੇਟ / ਨੰਬਰ ਕਾਰਡ।
3. ਪਾਸਪੋਰਟ ਸਾਈਜ਼ ਦੀਆਂ 8 ਫੋਟੋਆਂ (ਇੱਕ ਫਾਰਮ ਉੱਪਰ ਗੂੰਦ ਨਾਲ ਚਿਪਕਾਈ ਜਾਵੇ / ਦੂਸਰੀ ਸ਼ਨਾਖਤੀ ਕਾਰਡ ਉੱਪਰ ਅਤੇ ਬਾਕੀ ਫੋਟੋਆਂ ਫਾਰਮ ਨਾਲ ਲਾਓ) ਇਹ ਫੋਟੋਆਂ ਇਕਸਾਰ ਹੋਣੀਆਂ ਜ਼ਰੂਰੀ ਹਨ।
4. ਪੀ.ਐਸ.ਈ.ਬੀ. ਤੋਂ ਇਲਾਵਾ ਕਿਸੇ ਹੋਰ ਬੋਰਡ ਤੋਂ ਤਬਦੀਲੀ ਉਪਰੰਤ ਅਸਲ ਮਾਈਗਰੇਸ਼ਨ ਸਰਟੀਫਿਕੇਟ।
5. ਬੋਰਡ ਨਾਲ ਪਹਿਲਾਂ ਸਬੰਧਿਤ ਹੋਣ ਦਾ ਰਜਿਸਟਰੇਸ਼ਨ ਕਾਰਡ / ਰਜਿਸਟਰੇਸ਼ਨ ਨੰਬਰ।
6. ਪਿਛਲੀ ਸੰਸਥਾ ਦੇ ਮੁਖੀ ਵੱਲੋਂ ਦਿੱਤਾ ਗਿਆ ਚਰਿੱਤਰ ਸਰਟੀਫਿਕੇਟ।
7. ਅਧੂਰਾ ਦਾਖ਼ਲਾ ਫਾਰਮ ਦਾਖ਼ਲੇ ਦੇ ਯੋਗ ਨਹੀਂ ਸਮਝਿਆ ਜਾਵੇਗਾ। ਦਾਖ਼ਲੇ ਸਮੇਂ ਉਮੀਦਵਾਰ ਦਾ ਹਾਜ਼ਰ ਹੋਣਾ ਜ਼ਰੂਰੀ ਹੈ। ਮਾਤਾ-ਪਿਤਾ / ਸਰਪ੍ਰਸਤ ਦੇ ਹਸਤਾਖਰ ਫਾਰਮ 'ਤੇ ਹੋਣੇ ਜ਼ਰੂਰੀ ਹਨ।
8. ਜਿਹੜੇ ਵਿਦਿਆਰਥੀ ਕਿਸੇ ਹੋਰ ਬੋਰਡ ਤੋਂ ਆ ਕੇ +2 ਵਿੱਚ ਦਾਖਲਾ ਲੈਂਦੇ ਹਨ ਉਹਨਾਂ ਨੂੰ ਦਸਵੀਂ ਦਾ ਡੀ.ਐਮ.ਸੀ. +1 ਦਾ ਅਸਲ ਡੀ.ਐਮ.ਸੀ. ਅਤੇ ਸਕੂਲ ਛੱਡਣ ਦਾ ਸਰਟੀਫਿਕੇਟ ਸੰਬੰਧਿਤ ਬੋਰਡ ਤੋਂ ਪ੍ਰਤੀ ਹਸਤਾਖਰ ਕਰਵਾਕੇ ਦੇਣਾ ਪਵੇਗਾ।
9. ਜੇਕਰ ਕਿਸੇ ਵਿਦਿਆਰਥੀ ਦਾ ਪੜ੍ਹਾਈ ਦੇ ਕੋਰਸ ਦੌਰਾਨ ਕਿਸੇ ਵੀ ਸਕੂਲ ਵਿੱਚ 'ਸਮੇਂ ਦਾ ਵਕਫ਼ਾ' ਪੈ ਜਾਂਦਾ ਹੈ। ਉਸਨੂੰ 'ਵਕਫ਼ਾ' ਪੈਣ ਦੇ ਕਾਰਨ ਦਾ ਸਬੂਤ ਐਫ਼ੀਡੇਵਿਟ ਦੇ ਰੂਪ ਵਿਚ ਪੇਸ਼ ਕਰਨਾ ਪਵੇਗਾ। ਇਸ ਉਪਰੰਤ ਹੀ ਦਾਖ਼ਲੇ 'ਤੇ ਵਿਚਾਰ ਕੀਤਾ ਜਾਵੇਗਾ।
10. ਵਿਦਿਆਰਥੀ ਅਤੇ ਮਾਪਿਆ ਦੇ ਆਧਾਰ ਕਾਰਡ ਦੀ ਫੋਟੋ ਕਾਪੀ ਵੀ ਨਾਲ ਲਗਾਈ ਜਾਵੇ।

# ਦਾਖ਼ਲੇ ਲਈ ਯੋਗਤਾਵਾਂ / ਸ਼ਰਤਾਂ

## ਨੌਵੀਂ ਸ਼੍ਰੇਣੀ ਲਈ

1. ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਜਾਂ ਇਸਦੇ ਬਰਾਬਰ ਦੇ ਕਿਸੇ ਵੀ ਬੋਰਡ (ਜੋ ਕਿ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਹੋਵੇ) ਤੋਂ ਅੱਠਵੀਂ ਸ਼੍ਰੇਣੀ ਦਾ ਇਮਤਿਹਾਨ ਪਾਸ ਕੀਤਾ ਹੋਵੇ।

2. ਦਾਖ਼ਲਾ ਮੈਰਿਟ ਦੇ ਆਧਾਰ 'ਤੇ ਹੀ ਹੋਵੇਗਾ।

## ਦਸਵੀਂ ਸ਼੍ਰੇਣੀ ਲਈ

1. ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸਦੇ ਬਰਾਬਰ ਦੇ ਬੋਰਡ ਜਾਂ ਸੰਸਥਾ ਤੋਂ ਨੌਵੀਂ ਸ਼੍ਰੇਣੀ ਦਾ ਇਮਤਿਹਾਨ ਪਾਸ ਕੀਤਾ ਹੋਵੇ।

2. ਬਾਹਰਲੇ ਰਾਜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਮਾਈਗ੍ਰੇਸ਼ਨ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ।

## 10+1 (ਸੀਨੀਅਰ ਸੈਕੰਡਰੀ ਸਰਟੀਫਿਕੇਟ)

1. ਪੰਜਾਬ ਸਕੂਲ ਸਿੱਖਿਆ ਬੋਰਡ ਦਾ ਦਸਵੀਂ ਜਾਂ ਉਸ ਦੇ ਬਰਾਬਰ ਦਾ ਇਮਤਿਹਾਨ ਰਾਜ ਦੇ ਕਿਸੇ ਵੀ ਮਾਨਤਾ ਪ੍ਰਾਪਤ ਬੋਰਡ ਤੋਂ ਪਾਸ ਕੀਤਾ ਹੋਵੇ।

2. ਦਾਖ਼ਲਾ ਮੈਰਿਟ ਦੇ ਆਧਾਰ ਅਤੇ ਕਮੇਟੀ ਦੇ ਨਿਯਮਾਂ ਅਨੁਸਾਰ ਹੋਵੇਗਾ।

3. ਦਸਵੀਂ ਵਿੱਚੋਂ ਕਿਸੇ ਵਿਸ਼ੇ ਵਿੱਚ ਰੀ-ਅਪੀਅਰ ਹੋਣ ਕਾਰਨ ਵਿਦਿਆਰਥੀ ਨੂੰ ਦਾਖ਼ਲਾ ਸਰਤਾਂ ਦੇ ਆਧਾਰ ਤੇ ਦਿੱਤਾ ਜਾਵੇਗਾ।

4. ਜੇਕਰ ਦਸਵੀਂ ਕਲਾਸ ਕਿਸੇ ਹੋਰ ਬੋਰਡ / ਓਪਨ ਸਕੂਲ ਤੋਂ ਪਾਸ ਕੀਤੀ ਹੈ ਤਾਂ ਦਸਵੀਂ ਦੇ ਨੰਬਰ ਕਾਰਡ ਦੀ ਤਸਦੀਕਸ਼ੁਦਾ ਕਾਪੀ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ ਦੇ ਨਾਲ ਲਗਾਈ ਜਾਵੇ।

## 10+2 (ਸੀਨੀਅਰ ਸੈਕੰਡਰੀ ਸਰਟੀਫਿਕੇਟ)

1. ਪੰਜਾਬ ਸਕੂਲ ਸਿੱਖਿਆ ਬੋਰਡ / ਮਾਨਤਾ ਪ੍ਰਾਪਤ ਸਕੂਲ / ਕਾਲਜ ਤੋਂ ਗਿਆਰਵੀਂ ਦਾ ਇਮਤਿਹਾਨ ਪਾਸ ਕੀਤਾ ਹੋਵੇ।

2. ਜਿਸ ਵਿਦਿਆਰਥੀ ਨੇ ਬਾਹਰਲੇ ਰਾਜ ਨਾਲ ਸਬੰਧਿਤ ਗਿਆਰਵੀਂ ਸ਼੍ਰੇਣੀ ਪਾਸ ਕੀਤੀ ਹੈ ਅਜਿਹੇ ਵਿਦਿਆਰਥੀ ਦਾ ਮਾਈਗ੍ਰੇਸ਼ਨ ਸਰਟੀਫਿਕੇਟ / ਸਕੂਲ ਛੱਡਣ ਦਾ ਸਰਟੀਫਿਕੇਟ ਸਬੰਧਿਤ ਜ਼ਿਲ੍ਹਾ ਸਿੱਖਿਆ ਅਫ਼ਸਰ ਜਾਂ ਸਮਰੱਥ ਅਧਿਕਾਰੀ ਤੋਂ ਪ੍ਰਤੀ- ਹਸਤਾਖ਼ਰ ਹੋਣਾ ਚਾਹੀਦਾ ਹੈ। ਗਿਆਰਵੀਂ ਸ਼੍ਰੇਣੀ ਦਾ ਨਤੀਜਾ ਕਾਰਡ ਵੀ ਜ਼ਰੂਰੀ ਹੈ।

3. ਜੇਕਰ ਗਿਆਰਵੀਂ ਕਲਾਸ ਕਿਸੇ ਹੋਰ ਬੋਰਡ / ਓਪਨ ਸਕੂਲ ਤੋਂ ਪਾਸ ਕੀਤੀ ਹੈ ਤਾਂ ਗਿਆਰਵੀਂ ਦਾ ਨੰਬਰ ਕਾਰਡ ਸਮਰੱਥ ਅਧਿਕਾਰੀ ਤ੍ਰੋ ਪ੍ਰਤੀ ਹਸਤਾਖਰਿਤ ਹੋਣਾ ਜਰੂਰੀ ਹੈ।

## ਵਿਸ਼ੇਸ਼ ਨੋਟ

1. ਹਰ ਵਿਦਿਆਰਥੀ ਨੂੰ ਅਨੁਸ਼ਾਸਨ ਦੀ ਪਾਲਣਾ ਕਰਨੀ ਜ਼ਰੂਰੀ ਹੈ।

2. ਹਰ ਵਿਦਿਆਰਥੀ ਕੋਲ ਉਸਦਾ ਸ਼ਨਾਖ਼ਤੀ ਕਾਰਡ ਹੋਵੇ, ਜੋ ਅਧਿਆਪਕ ਦੇ ਕਹਿਣ'ਤੇ ਦਿਖਾਇਆ ਜਾਣਾ ਜ਼ਰੂਰੀ ਹੈ।

3. ਪ੍ਰਿੰਸੀਪਲ ਨੂੰ ਅਧਿਕਾਰ ਹੈ ਕਿ ਉਹ ਕਿਸੇ ਵੀ ਨਿਯਮ ਵਿੱਚ ਸੋਧ ਜਾਂ ਤਬਦੀਲੀ ਕਰ ਸਕਦਾ ਹੈ।

4. ਸਮੇਂ-ਸਮੇਂ 'ਤੇ ਲਗਾਏ ਨੋਟਿਸਾਂ ਨੂੰ ਪੜ੍ਹਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੈ।

5. ਸਕੂਲ ਦੀਆਂ ਕੁੱਲ ਨਿਧਾਰਿਤ ਸੀਟਾਂ ਵਿੱਚੋ 25% ਸੀਟਾਂ ਆਰਥਿਕ ਤੌਰ ਤੇ ਕਮਜ਼ੋਰ ਅਤੇ ਪਿੱਛੜੇ ਵਰਗਰਾ ਲਈ ਰਾਖਵੀਆਂ ਹਨ।

# ਜ਼ਰੂਰੀ ਹਦਾਇਤਾਂ

1. ਦਾਖ਼ਲੇ ਦੀ ਮਿਤੀ ਤੋਂ 15 ਦਿਨ ਦੇ ਅੰਦਰ-ਅੰਦਰ ਵਿਦਿਆਰਥੀ, ਵਿਸ਼ੇ ਵਿੱਚ ਤਬਦੀਲੀ ਕਰ ਸਕਦਾ ਹੈ। ਉਸ ਤੋਂ ਬਾਅਦ ਨਿਰਧਾਰਿਤ ਫ਼ੀਸ ਲਈ ਜਾਵੇਗੀ।

2. ਛੱਡੇ ਗਏ ਵਿਸ਼ੇ ਦੇ ਲੈਕਚਰ ਨਵੇਂ ਲਏ ਵਿਸ਼ੇ ਵਾਸਤੇ ਨਹੀਂ ਗਿਣੇ ਜਾਣਗੇ।

3. ਲੈਕਚਰਾਂ ਦੀ ਗਿਣਤੀ ਕਲਾਸਾਂ ਦੇ ਸ਼ੁਰੂ ਹੋਣ ਵਾਲੇ ਦਿਨ ਤੋਂ ਕੀਤੀ ਜਾਵੇਗੀ, ਨਾ ਕਿ ਉਸ ਦਿਨ ਤੋਂ ਜਿਸ ਦਿਨ ਵਿਦਿਆਰਥੀ ਦਾਖ਼ਲ ਹੋਇਆ।

4. ਪ੍ਰਿੰਸੀਪਲ ਨੂੰ ਅਧਿਕਾਰ ਹੈ ਕਿ ਉਸ ਕਿਸੇ ਵੀ ਉਮੀਦਵਾਰ ਨੂੰ ਦਾਖ਼ਲੇ ਤੋਂ ਨਾਂਹ ਕਰ ਸਕਦਾ ਹੈ।

5. ਕੋਈ ਵੀ ਵਿਦਿਆਰਥੀ ਕੈਜ਼ੂਅਲ (Casual) ਦਾਖ਼ਲ ਨਹੀਂ ਕੀਤਾ ਜਾਵੇਗਾ।

6. ਸਲਾਨਾ ਪ੍ਰੀਖਿਆਵਾਂ ਦੇ ਪੁਨਰ-ਮੁਲਾਂਕਣ ਦੇ ਨਤੀਜੇ ਤੋਂ ਬਾਅਦ ਅਗਲੀ ਕਲਾਸ ਵਿੱਚ ਦਾਖ਼ਲੇ ਦੇ ਪਾਤਰ ਵਿਦਿਆਰਥੀ ਨੂੰ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 10 ਦਿਨ ਦੇ ਅੰਦਰ-ਅੰਦਰ ਬਿਨਾਂ ਲੇਟ ਫ਼ੀਸ ਦਾਖਲਾ ਮਿਲ ਸਕਦਾ ਹੈ, ਪਰ ਲੈਕਚਰ ਦਾਖ਼ਲੇ ਦੀ ਮਿਤੀ ਤੋਂ ਗਿਣੇ ਜਾਂਣਗੇ।

7. ਦਾਖ਼ਲੇ ਦੀ ਮਿਤੀ ਲੰਘਣ ਤੋਂ ਬਾਅਦ ਬੋਰਡ ਦੇ ਆਦੇਸ਼ਾਂ ਮੁਤਾਬਿਕ ਲੇਟ ਦਾਖ਼ਲੇ ਲਈ ਆਏ ਬਿਨੈ-ਪੱਤਰ ਸਵੀਕਾਰ ਨਹੀਂ ਕੀਤੇ ਜਾਣਗੇ।

8. ਤੱਥ ਨੂੰ ਗਲਤੀ ਨਾਲ ਪੇਸ਼ ਕਰਕੇ ਜਾਂ ਛੁਪਾ ਕੇ ਨਿਯਮਾਂ ਵਿਰੁੱਧ ਦਾਖ਼ਲਾ ਲੈਣ ਵਾਲਾ ਵਿਦਿਆਰਥੀ ਖ਼ੁਦ ਜ਼ਿੰਮੇਵਾਰ ਹੋਵੇਗਾ।

9. ਦਾਖ਼ਲਾ ਫਾਰਮ ਵਿਚ ਵਿਦਿਆਰਥੀ ਦਸਵੀਂ ਦੇ ਸਰਟੀਫਿਕੇਟ ਦੇ ਅਨੁਸਾਰ ਹੀ ਸਾਰੇ ਵੇਰਵੇ ਭਰੇਗਾ।

10. ਜੇਕਰ ਕੋਈ ਵਿਦਿਆਰਥੀ ਦਾਖ਼ਲਾ ਫਾਰਮ ਵਿਚ ਸਹੀ ਵੇਰਵਾ ਨਹੀਂ ਦਿੰਦਾ ਜਾਂ ਫਾਰਮ ਅਧੂਰਾ ਛੱਡਦਾ ਹੈ ਤਾਂ ਉਸ ਦਾ ਦਾਖ਼ਲਾ ਫਾਰਮ ਰੱਦ ਕਰ ਦਿੱਤਾ ਜਾਵੇਗਾ।




DO NOT USE
DRUGS



DO NOT USE
MOBILE PHONES
IN THE CAMPUS



BELOW 18 YEARS STUDENT ARE
NOT ALLOWED TO TAKE VEHICLE
WITHOUT PARENTS'
WRITTEN CONSENT

# ਜ਼ਰੂਰੀ ਸੂਚਨਾਵਾਂ :

1. ਕਿਸੇ ਵਿਦਿਆਰਥੀ ਨੂੰ ਬਿਨ੍ਹਾਂ ਕੋਈ ਕਾਰਨ ਦੱਸਿਆਂ ਪ੍ਰਿੰਸੀਪਲ ਵਲੋਂ ਦਾਖ਼ਲੇ ਦੀ ਮਨਾਹੀ ਕੀਤੀ ਜਾ ਸਕਦੀ ਹੈ।

2. ਝੂਠਾ ਜਾਂ ਗਲਤ ਬਿਆਨ ਦੇ ਕੇ ਦਾਖ਼ਲਾ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦਾ ਦਾਖ਼ਲਾ, ਪਤਾ ਲੱਗਣ 'ਤੇ ਵਿਦਿਅਕ ਸੈਸ਼ਨ ਦੌਰਾਨ ਉਸੇ ਸਮੇਂ ਹੀ ਰੱਦ ਕਰ ਦਿੱਤਾ ਜਾਵੇਗਾ ਅਤੇ ਫ਼ੀਸ ਫੰਡ ਵਾਪਸ ਨਹੀਂ ਕੀਤੇ ਜਾਣਗੇ।

3. ਅਜਿਹੇ ਵਿਦਿਆਰਥੀਆਂ ਦਾ ਦਾਖ਼ਲਾ ਰੱਦ ਕੀਤਾ ਜਾ ਸਕਦਾ ਹੈ ਜਿਹੜੇ ਸਕੂਲ ਅਨੁਸ਼ਾਸਨ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਨਗੇ।

4. ਪਿਤਾ / ਸਰਪ੍ਰਸਤ ਲਈ ਜ਼ਰੂਰੀ ਹੈ ਕਿ ਉਹ ਆਪਣੇ ਬੱਚਿਆਂ ਦੀਆਂ ਹਾਜ਼ਰੀਆਂ ਅਤੇ ਘਰੇਲੂ ਇਮਤਿਹਾਨ ਵਿਚ ਪ੍ਰਾਪਤ ਕੀਤੇ ਅੰਕ ਸਬੰਧੀ ਵੇਰਵਾ ਅਕਤੂਬਰ ਅਤੇ ਦਸੰਬਰ ਦੀਆਂ ਛੁੱਟੀਆਂ ਤੋਂ ਬਾਅਦ, ਸਕੂਲ ਲੱਗਣ ਦੇ ਪਹਿਲੇ ਹਫ਼ਤੇ ਵਿਚ ਆ ਕੇ ਦਫ਼ਤਰ ਵਿਚੋਂ ਪ੍ਰਾਪਤ ਕਰ ਲੈਣ। ਲੋੜੀਂਦੀਆਂ ਹਾਜ਼ਰੀਆਂ ਪੂਰੀਆਂ ਨਾ ਕਰਨ ਜਾਂ ਘਰੇਲੂ ਪ੍ਰੀਖਿਆਵਾਂ ਵਿਚ ਲੋੜੀਂਦੇ ਅੰਕ ਪ੍ਰਾਪਤ ਨਾ ਕਰਨ ਦੀ ਸੂਰਤ ਵਿਚ ਵਿਦਿਆਰਥੀ ਨੂੰ ਸਲਾਨਾ ਇਮਤਿਹਾਨ ਵਿਚ ਬੈਠਣ ਤੋਂ ਰੋਕ ਲਿਆ ਜਾਵੇਗਾ। ਇਸ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਮਾਪੇ/ਸਰਪ੍ਰਸਤ ਦੀ ਹੋਵੇਗੀ।

5. ਹਰ ਇਕ ਵਿਦਿਆਰਥੀ ਨੂੰ ਇਕ ਰਿਪੋਰਟ ਕਾਰਡ/ਪ੍ਰੋਗਰੈਸ ਕਾਰਡ ਦਿੱਤਾ ਜਾਵੇਗਾ, ਜਿਸ ਵਿਚ ਸਮੁੱਚੇ ਵੇਰਵੇ ਦਿੱਤੇ ਜਾਣਗੇ। ਹਰ ਇਕ ਵਿਦਿਆਰਥੀ ਨੂੰ ਸੈਸ਼ਨ ਵਿਚ ਦੋ ਵਾਰ ਇਹ ਕਾਰਡ ਮਾਪਿਆਂ/ਸਰਪ੍ਰਸਤ ਤੋਂ ਦਸਤਖ਼ਤ ਕਰਵਾ ਕੇ ਸਕੂਲ ਵਿਚ ਜਮ੍ਹਾਂ ਕਰਵਾਉਣਾ ਹੋਵੇਗਾ।

6. ਵਿਦਿਆਰਥੀ ਦੀ ਕਾਰਗੁਜ਼ਾਰੀ ਦਾ ਨਿਰੰਤਰ ਮੁਲਾਂਕਣ ਯਕੀਨੀ ਬਣਾਉਣ ਲਈ ਹਰ ਮਹੀਨੇ ਦੇ ਆਖਰੀ ਤਿੰਨ ਦਿਨਾਂ ਵਿਚ ਕਲਾਸਟੈਸਟ ਲਏ ਜਾਣਗੇ, ਜਿਨ੍ਹਾਂ ਵਿਚ ਵਿਦਿਆਰਥੀ ਦੀ ਹਾਜ਼ਰੀ ਲਾਜ਼ਮੀ ਹੈ ਅਤੇ ਗੈਰ-ਹਾਜ਼ਰ ਵਿਦਿਆਰਥੀਆਂ ਨੂੰ ਜੁਰਮਾਨਾ ਕੀਤਾ ਜਾਵੇਗਾ।

7. ਮਾਪਿਆਂ ਲਈ ਜ਼ਰੂਰੀ ਹੈ ਕਿ ਉਹ ਆਪ ਘੱਟੋ-ਘੱਟ ਮਹੀਨੇ ਵਿਚ ਇਕ ਵਾਰ ਸਕੂਲ ਆ ਕੇ ਪ੍ਰਿੰਸੀਪਲ ਅਤੇ ਸਬੰਧਤ ਅਧਿਆਪਕਾਂ ਪਾਸੋਂ ਆਪਣੇ ਬੱਚੇ ਦੀ ਪੜ੍ਹਾਈ ਅਤੇ ਆਚਰਣ ਬਾਰੇ ਜਾਣਕਾਰੀ ਪ੍ਰਾਪਤ ਕਰਨ। ਇਹ ਜਾਣਕਾਰੀ ਮਹੀਨੇ ਦੇ ਆਖਰੀ ਸ਼ਨੀਵਾਰ 11.00 ਤੋਂ 1.00 ਦੌਰਾਨ ਪ੍ਰਾਪਤ ਕੀਤੀ ਸਕਦੀ ਹੈ।

8. ਵਿਦਿਆਰਥੀਆਂ ਲਈ ਸਕੂਲ ਵਿਚ ਸਾਰੇ ਨੋਟਿਸ ਪੜ੍ਹਨੇ ਜ਼ਰੂਰੀ ਹਨ। ਸਕੂਲ ਵੱਲੋਂ ਅਕਾਦਮਿਕ ਜਾਣਕਾਰੀ, ਖੇਡਾਂ, ਸੱਭਿਆਚਾਰਕ ਸਰਗਰਮੀਆਂ, ਸਹਿ-ਵਿਦਿਅਕ ਸਰਗਰਮੀਆਂ, ਐਨ.ਐਸ.ਐਸ., ਅਤੇ ਹੋਰ ਸਭਾਵਾਂ ਦੀਆਂ ਸਮੁੱਚੀਆਂ ਗਤੀ-ਵਿਧੀਆਂ ਸਬੰਧੀ ਜਾਣਕਾਰੀ ਤੋਂ ਨਾਵਾਕਫੀ ਕੋਈ ਬਹਾਨਾ/ਦਲੀਲ ਨਹੀਂ ਸਮਝੀ ਜਾਵੇਗੀ।

9. ਪ੍ਰਿੰਸੀਪਲ ਇਨ੍ਹਾਂ ਨਿਯਮਾਂ ਅਤੇ ਫੀਸਾਂ/ ਫੰਡਾਂ ਵਿਚ, ਜਿਹੜੇ ਪ੍ਰਾਸਪੈਕਟ ਵਿਚ ਸ਼ਾਮਲ ਹਨ, ਤਬਦੀਲੀ, ਵਾਧਾ ਘਾਟਾ ਆਦਿ ਕਰ ਸਕਦੇ ਹਨ। ਇਸਦੇ ਲਈ ਕਿਸੇ ਪੂਰਵ ਨੋਟਿਸ ਦੀ ਲੋੜ ਨਹੀਂ। ਇਸ ਸਬੰਧੀ ਸੂਚਨਾ ਨੋਟਿਸ ਬੋਰਡ ਤੇ ਲਗਾ ਦਿੱਤੀ ਜਾਵੇਗੀ। ਇਸੇ ਤਰ੍ਹਾਂ ਬੋਰਡ ਪ੍ਰੀਖਿਆਵਾਂ ਦੇ ਫ਼ਾਰਮ ਭਰਨ, ਬੋਰਡ ਇਮਤਿਹਾਨਾਂ ਸਬੰਧੀ ਹਾਜ਼ਰੀਆਂ ਦੀ ਘਾਟ, ਕਲਾਸ ਟੈਸਟ ਅਤੇ ਘਰੇਲੂ ਪ੍ਰੀਖਿਆਵਾਂ ਸਬੰਧੀ ਸੂਚਨਾਵਾਂ ਨੋਟਿਸ ਬੋਰਡ 'ਤੇ ਲਗਾਈਆਂ ਜਾਣਗੀਆਂ। ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਨੋਟਿਸ ਬੋਰਡ ਤੋਂ ਉਪਰੋਕਤ ਜਾਣਕਾਰੀ ਪ੍ਰਾਪਤ ਕਰਨ ਅਤੇ ਸਮੇਂ-ਸਮੇਂ ਜਾਰੀ ਹੋਈਆਂ ਹਦਾਇਤਾਂ ਦੀ ਪਾਲਣਾ ਕਰਨ। ਨੋਟਿਸ ਨਾ ਪੜ੍ਹਣ ਜਾਂ ਸੂਚਨਾਂ/ਨਿਯਮਾਂ ਤੋਂ ਨਾਵਾਕਫ਼ੀ ਕੋਈ ਬਹਾਨਾ ਨਹੀਂ ਸਮਝਿਆ ਜਾਵੇਗਾ।

10. ਵਿਦਿਆਰਥੀਆਂ ਨੂੰ ਸਕੂਲ ਵਿਚ ਮੋਬਾਇਲ/ਸੈੱਲ ਫੋਨ ਲਿਆਉਣ ਦੀ ਸਖ਼ਤ ਮਨਾਹੀ ਹੈ। ਪਕੜੇ ਜਾਣ ਦੀ ਸੂਰਤ ਵਿਚ ਫੋਨ ਸੈੱਟ ਜ਼ਬਤ ਕਰ ਲਿਆ ਜਾਵੇਗਾ ਅਤੇ ਜੁਰਮਾਨਾ ਕੀਤਾ ਜਾਵੇਗਾ। ਦੁਬਾਰਾ ਪਕੜੇ ਜਾਣ ਦੀ ਸੂਰਤ ਵਿਚ ਦਾਖ਼ਲਾ ਰੱਦ ਕੀਤਾ ਜਾਵੇਗਾ।

11. ਜੇਕਰ ਕਿਸੇ ਵਿਦਿਆਰਥੀ ਨੇ ਖਿਡਾਰੀ, ਵਕਤਾ, ਗਾਇਕ, ਅਭਿਨੇਤਾ, ਕਲਾਕਾਰ ਜਾਂ ਸਮਾਜ ਸੇਵਕ ਵਜੋਂ ਕੋਈ ਵਿਲੱਖਣ ਪ੍ਰਾਪਤੀ ਕੀਤੀ ਹੋਵੇ ਤਾਂ ਇਸ ਮੰਤਵ ਲਈ ਸੰਸਥਾ ਦੇ ਮੁੱਖੀ ਵਲੋਂ ਮਿਲੇ ਸਰਟੀਫਿਕੇਟ ਦੀ ਕਾਪੀ ਦਾਖ਼ਲਾ ਫਾਰਮ ਨਾਲ ਲਗਾਉਣੀ ਜ਼ਰੂਰੀ ਹੈ।

## ਵਿਸ਼ਾ/ਫ਼ੈਕਲਟੀ/ਤਬਦੀਲੀ ਸਬੰਧੀ ਨਿਯਮ

ਵਿਦਿਆਰਥੀ ਦਾਖ਼ਲ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਇਕ ਜਾਂ ਦੋ ਵਿਸ਼ੇ ਜਾਂ ਫੈਕਲਟੀ ਤਬਦੀਲ ਕਰ ਸਕਦੇ ਹਨ। ਇਹ ਆਗਿਆ ਤਾਂ ਹੀ ਦਿੱਤੀ ਜਾਵੇਗੀ ਜੇਕਰ ਉਸ ਵਿਸ਼ੇ ਜ਼ਾਂ ਫੈਕਲਟੀ ਵਿਚ ਸੀਟ ਖਾਲੀ ਹੋਵੇ। 15 ਦਿਨ ਤੋਂ ਬਾਅਦ ਇੱਕ ਵਿਸ਼ਾ ਤਬਦੀਲ ਕਰਨ ਦੇ ਲਈ 50ਰੁ. ਅਤੇ ਫੈਕਲਟੀ ਬਦਲਣ ਲਈ 500/- ਭਰਨੇ ਹੋਣਗੇ। ਵਿਸ਼ਾ ਫੈਕਲਟੀ ਤਬਦੀਲੀ ਦਾ ਪ੍ਰੋਫਾਰਮਾ ਉਪਰ ਮਾਪੇ/ਸਰਪ੍ਰਸਤ ਦੇ ਦਸਤਖ਼ਤ ਅਤੇ ਸੰਬੰਧਤ ਅਧਿਆਪਕਾਂ ਦੀ ਸਹਿਮਤੀ ਹੋਣੀ ਜ਼ਰੂਰੀ ਹੈ। ਵਿਸ਼ਾ ਤਬਦੀਲੀ ਦਾ ਪ੍ਰੋਫਾਰਮਾ ਸਕੂਲ ਦਫਤਰ ਤੋਂ ਉਪਲਬੱਧ ਹੋਵੇਗਾ। ਜਦੋਂ ਤੱਕ ਸਕੂਲ ਦਫਤਰ ਵੱਲੋਂ ਤਬਦੀਲੀ ਦੀ ਪ੍ਰਵਾਨਗੀ ਦੇ ਆਦੇਸ਼ ਜਾਰੀ ਨਾ ਹੋਣ, ਉਦੋਂ ਤੱਕ ਵਿਦਿਆਰਥੀ ਨੂੰ ਆਪਣੇ ਆਪ, ਬਦਲੇ ਵਿਸ਼ੇ ਦੀ ਕਲਾਸ ਲਗਾਉਣ ਦੀ ਆਗਿਆ ਨਹੀਂ ਹੋਵੇਗੀ।

## ਸਾਈਕਲ ਸਟੈਂਡ ਦੇ ਨਿਯਮ

ਜੋ ਵਿਦਿਆਰਥੀ ਸਾਈਕਲ ਜਾਂ ਸਕੂਟਰ 'ਤੇ ਆਉਂਦੇ ਹਨ, ਉਹਨਾਂ ਦੇ ਸਾਈਕਲ/ਸਕੂਟਰ ਦੀ ਸੰਭਾਲ ਲਈ ਸਾਈਕਲ ਸਟੈਂਡ ਦਾ ਪ੍ਰਬੰਧ ਹੈ। ਵਿਦਿਆਰਥੀਆਂ ਨੂੰ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।

1. ਸਾਈਕਲ/ਸਕੂਟਰ ਰੱਖਣ ਸਮੇਂ ਟੋਕਨ ਹਰ ਹਾਲਤ ਵਿੱਚ ਲਿਆ ਜਾਵੇ। ਜੇਕਰ ਕੋਈ ਵਿਦਿਆਰਥੀ ਅਜਿਹਾ ਨਹੀਂ ਕਰਦਾ ਤਾਂ ਸਾਈਕਲ/ਸਕੂਟਰ ਚੋਰੀ ਹੋਣ ਦੀ ਸੂਰਤ ਵਿਚ ਉਸ ਦੀ ਖੁਦ ਦੀ ਜ਼ਿੰਮੇਵਾਰੀ ਹੋਵੇਗੀ।
2. ਸਾਈਕਲ/ਸਕੂਟਰ ਰੱਖਣ ਵੇਲੇ ਲਿਆ ਗਿਆ ਟੋਕਨ ਵਾਪਸ ਕਰਨ 'ਤੇ ਹੀ ਸਾਈਕਲ/ਸਕੂਟਰ, ਸਟੈਂਡ ਵਿਚੋਂ ਲਿਆ ਜਾ ਸਕੇਗਾ। ਟੋਕਨ ਆਈ ਕਾਰਡ ਨਾਲ ਹੀ ਮਿਲੇਗਾ।
3. ਟੋਕਨ ਗੁੰਮ ਕਰਨ ਦੀ ਸੂਰਤ ਵਿਚ 30 ਰੁਪਏ ਜੁਰਮਾਨਾ ਲਿਆ ਜਾਵੇਗਾ।
4. ਸਕੂਟਰ/ਮੋਟਰ-ਸਾਈਕਲ ਦਾ ਚੋਰ ਵਿਰੁੱਧ ਬੀਮਾ ਹੋਣਾ ਜ਼ਰੂਰੀ ਹੈ।
5. ਸਾਈਕਲ ਦੀ ਫੀਸ 50 ਰੁ: ਸਲਾਨਾ ਅਤੇ ਸਕੂਟਰ/ਮੋਟਰ-ਸਾਇਕਲ ਦੀ ਫੀਸ 100 ਰੁ: ਸਲਾਨਾ ਹੋਵੇਗੀ।

## ਛੁੱਟੀ ਦੇ ਨਿਯਮ

1. ਕਿਸੇ ਵੀ ਵਿਸ਼ੇ ਵਿਚ 10 ਦਿਨਾਂ ਤਕ ਬਿਨ੍ਹਾਂ ਛੁੱਟੀ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਦੇ ਨਾਂ ਸਕੂਲ ਦੇ ਰਜਿਸਟਰ ਵਿਚੋਂ ਕੱਟ ਦਿੱਤੇ ਜਾਣਗੇ।
2. ਬੀਮਾਰੀ ਦੀ ਸੂਰਤ ਵਿਚ ਛੁੱਟੀ ਦੀ ਅਰਜ਼ੀ ਨਾਲ ਪ੍ਰਵਾਨਤ ਡਾਕਟਰ ਵਲੋਂ ਜਾਰੀ ਸਰਟੀਫਿਕੇਟ ਲਾਉਣਾ ਜ਼ਰੂਰੀ ਹੈ। ਇਹ ਸਰਟੀਫਿਕੇਟ ਬੀਮਾਰੀ ਮਗਰੋਂ ਹਾਜ਼ਰ ਹੋਣ ਤੋਂ ਪਹਿਲਾਂ ਦੇਣਾ ਜ਼ਰੂਰੀ ਹੈ।
3. ਛੁੱਟੀ ਦੀ ਅਰਜ਼ੀ ਉਪਰ ਵਿਦਿਆਰਥੀ ਅਤੇ ਉਸ ਦੇ ਮਾਪੇ/ਸਰਪ੍ਰਸਤ ਦੇ ਹਸਤਾਖ਼ਰ ਹੋਣੇ ਜ਼ਰੂਰੀ ਹਨ।
4. ਡਿਊਟੀ ਲੀਵ ਤੋਂ ਇਲਾਵਾ ਕਿਸੇ ਪ੍ਰਕਾਰ ਦੀ ਛੁੱਟੀ ਨੂੰ ਲੈਕਚਰਾਂ ਤੋਂ ਛੋਟ ਨਹੀਂ ਮੰਨਿਆ ਜਾਵੇਗਾ।
5. ਬਿਨਾ-ਸੂਚਨਾ ਗੈਰ-ਹਾਜ਼ਰ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ।

(ੳ) 1 ਰੁਪਿਆ ਪ੍ਰਤੀ ਲੈਕਚਰ

(ਅ) 5 ਰੁਪਏ ਪ੍ਰਤੀ ਪ੍ਰੈਕਟੀਕਲ

## ਸਕੂਲ ਛੱਡਣ ਦੇ ਨਿਯਮ

1. ਸਕੂਲ ਛੱਡਣ ਦਾ ਇਛੁੱਕ ਵਿਦਿਆਰਥੀ ਬਕਾਇਦਾ ਲਿਖਤੀ ਪੱਤਰ ਰਾਹੀਂ ਬੇਨਤੀ ਕਰੇਗਾ ਤੇ ਅਜਿਹਾ ਬੇਨਤੀ ਪੱਤਰ ਮਾਪਿਆਂ/ਸਰਪ੍ਰਸਤ ਦੁਆਰਾ ਹਸਤਾਖ਼ਰਿਤ ਹੋਣਾ ਜ਼ਰੂਰੀ ਹੈ।
2. ਲਾਇਬਰੇਰੀ ਦੀਆਂ ਕਿਤਾਬਾਂ ਅਤੇ ਸ਼ਨਾਖ਼ਤੀ ਕਾਰਡ ਸਕੂਲ ਲਾਇਬ੍ਰੇਰੀਅਨ ਨੂੰ ਵਾਪਸ ਕਰਨਾ ਪਵੇਗਾ।
3. ਸਕੂਲ ਦੇ ਭਰਨਯੋਗ ਖਰਚੇ/ਜੁਰਮਾਨੇ ਜ਼ੋ ਵਿਦਿਆਰਥੀ ਵੱਲ ਨਿਕਲਦੇ ਹਨ, ਦੇਣੇ ਪੈਣਗੇ।
4. ਦਫ਼ਤਰ ਤੋਂ 'ਨਾ ਬਕਾਇਆ ਸਰਟੀਫਿਕੇਟ' (No Due Certificates ) ਦਾ ਫਾਰਮ ਲੈ ਕੇ ਪੂਰੀ ਤਰ੍ਹਾਂ ਭਰ ਕੇ ਦਫ਼ਤਰ ਵਿਚ ਦੇਣਾ ਪਵੇਗਾ।
5. ਜਿਹੜੇ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਤੋਂ ਬਿਨਾ ਸਕੂਲ ਛੱਡ ਜਾਣਗੇ ਜਾਂ ਜਿਨ੍ਹਾਂ ਵੱਲ ਲਾਇਬਰੇਰੀ ਦੀਆਂ ਕਿਤਾਬਾਂ/ਸਕੂਲ ਦੇ ਭਰਨਯੋਗ ਖਰਚੇ/ਕੋਈ ਹੋਰ ਸਮਾਨ ਬਕਾਇਆ ਹੋਵੇਗਾ, ਉਨ੍ਹਾਂ ਨੂੰ ਸਕੂਲ ਵੱਲੋਂ ਕੋਈ ਸਰਟੀਫਿਕੇਟ ਜਾਂ ਟੈਸਟੀਮੋਨੀਅਲ ਜਾਰੀ ਨਹੀਂ ਕੀਤਾ ਜਾਵੇਗਾ।

## ਲਾਇਬ੍ਰੇਰੀ ਅਤੇ ਰੀਡਿੰਗ ਰੂਮ

ਸਕੂਲ ਦੀ ਲਾਇਬ੍ਰੇਰੀ ਵਿਚ ਸਾਇੰਸ, ਕੰਪਿਊਟਰ, ਆਰਟਸ, ਕਾਮਰਸ ਅਤੇ ਧਰਮ ਦੇ ਵਿਸ਼ਿਆਂ ਨਾਲ ਸਬੰਧਤ ਸੈਂਕੜੇ ਪੁਸਤਕਾਂ ਹਨ। ਇਸ ਤੋਂ ਇਲਾਵਾ ਇਨ੍ਹਾਂ ਵਿਸ਼ਿਆਂ ਵਿਚ ਹਰ ਸਾਲ ਨਵੀਆਂ ਕਿਤਾਬਾਂ ਵੀ ਖਰੀਦੀਆਂ ਜਾਂਦੀਆਂ ਹਨ। ਵਿਦਿਆਰਥੀਆਂ ਵਿਚ ਕੋਰਸ ਨਾਲ ਸਬੰਧਤ ਪੜ੍ਹਾਈ ਸਬੰਧੀ ਵੱਧ ਤੋਂ ਵੱਧ ਜਾਣਕਾਰੀ ਇਕੱਤਰ ਕਰਨ ਅਤੇ ਪੜ੍ਹਣ ਦੀ ਰੁਚੀ ਨੂੰ ਵਿਕਸਤ ਕਰਨ ਹਿਤ ਅਧਿਐਨ-ਸ਼ਾਲਾ (ਰੀਡਿੰਗ ਰੂਮ) ਵੀ ਲਾਇਬ੍ਰੇਰੀ ਵਿਚ ਸਥਾਪਤ ਹੈ। ਇਥੇ ਵਿਦਿਆਰਥੀ ਆਪੋ-ਆਪਣੇ ਵਿਸ਼ਿਆਂ ਨਾਲ ਸਬੰਧਤ ਸਮੱਗਰੀ ਤੋਂ ਇਲਾਵਾ ਵਿਭਿੰਨ ਅਖ਼ਬਾਰਾਂ, ਰਸਾਲਿਆਂ ਅਤੇ ਹੋਰ ਗਿਆਨ-ਵਰਧਕ ਪੁਸਤਕਾਂ, ਲੇਖਣ ਸਮੱਗਰੀ ਪੜ੍ਹ ਸਕਦੇ ਹਨ। ਸਕੂਲ ਪੁਸਤਕਾਲਾ ਵਿਚ ਬੁੱਕ ਬੈਂਕ ਦਾ ਵੱਖਰਾ ਪ੍ਰਬੰਧ ਹੈ, ਜਿਸ ਵਿਚੋਂ ਲੋੜਵੰਦ ਹੋਣਹਾਰ ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਸਾਰੇ ਸੈਸ਼ਨ ਲਈ ਉਧਾਰ ਦੇਣ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ।

## ਲਾਇਬ੍ਰੇਰੀ ਦੇ ਨਿਯਮ

1. ਸਕੂਲ ਦਾ ਹਰ ਵਿਦਿਆਰਥੀ ਇਕ ਸਮੇਂ ਕੇਵਲ ਦੋ ਪੁਸਤਕਾਂ ਕਢਵਾਂ ਸਕਦਾ ਹੈ ਅਤੇ 14 ਦਿਨ ਤੱਕ ਰੱਖ ਸਕਦਾ ਹੈ। ਲੰਮੀਆਂ ਛੁੱਟੀਆਂ ਸਮੇਂ ਸਕੂਲ ਦੁਬਾਰਾ ਖੁੱਲ੍ਹਣ ਤੋਂ ਬਾਅਦ ਤਿੰਨ ਦਿਨ ਦੇ ਅੰਦਰ ਜਮ੍ਹਾਂ ਕਰਵਾ ਸਕਦਾ ਹੈ।
2. ਨਿਸ਼ਚਿਤ ਸਮੇਂ ਤੋਂ ਵੱਧ ਸਮੇਂ ਲਈ ਪੁਸਤਕ ਰੱਖਣ ਵਾਲੇ ਵਿਦਿਆਰਥੀਆਂ ਨੂੰ ਹਰ ਪੁਸਤਕ ਦਾ ਇੱਕ ਰੁਪਿਆ ਰੋਜ਼ ਦੇ ਹਿਸਾਬ ਨਾਲ ਜੁਰਮਾਨਾ ਦੇਣਾ ਪਵੇਗਾ।
3. ਹਵਾਲਾ ਪੁਸਤਕਾਂ / ਸੀਮਿਤ ਉਪਲਬਧੀ ਵਾਲੀਆਂ ਪੁਸਤਕਾਂ ਅਤੇ ਨਵੇਂ ਰਸਾਲੇ ਉਧਾਰ ਨਹੀਂ ਦਿੱਤੇ ਜਾਣਗੇ, ਇਹ ਕੇਵਲ ਲਾਇਬ੍ਰੇਰੀ ਵਿਚ ਹੀ ਵੇਖੇ ਜਾ ਸਕਦੇ ਹਨ।
4. ਤੁਰੰਤ ਲੋੜ ਸਮੇਂ ਵਿਦਿਆਰਥੀਆਂ ਨੂੰ ਜਾਰੀ ਕੀਤੀਆਂ ਪੁਸਤਕਾਂ ਵਾਪਸ ਲਈਆਂ ਜਾ ਸਕਦੀਆਂ ਹਨ।
5. ਪੁਸਤਕਾਂ ਉਪਰ ਨਿਸ਼ਾਨ ਲਾਉਣ ਜਾਂ ਖ਼ਰਾਬ ਕਰਨ ਜਾਂ ਗੁਆਉਣ ਦੀ ਸੂਰਤ ਵਿਚ ਪੁਸਤਕਾਂ ਦੀ ਦੁੱਗਣੀ ਕੀਮਤ ਦੇਣੀ ਪਵੇਗੀ ਜਾਂ ਉਨ੍ਹਾਂ ਦੇ ਬਦਲੇ ਵਿੱਚ ਨਵੀਆਂ ਕਿਤਾਬਾਂ ਲੈ ਕੇ ਦੇਣੀਆਂ ਪੈਣਗੀਆਂ।
6. ਪੁਸਤਕਾਂ ਕਢਵਾਉਣ ਵਾਲਾ ਵਿਦਿਆਰਥੀ, ਪੁਸਤਕ ਕਿਸੇ ਨੂੰ ਅੱਗੇ ਨਹੀਂ ਦੇ ਸਕਦਾ।
7. ਕਿਸੇ ਵਿਦਿਆਰਥੀ ਨੂੰ ਪੁਸਤਕ ਉਸ ਸੂਰਤ ਵਿਚ ਦੁਬਾਰਾ ਜਾਰੀ ਨਹੀਂ ਕੀਤੀ ਜਾਵੇਗੀ, ਜੇਕਰ ਉਹ ਪੁਸਤਕ ਕਿਸੇ ਹੋਰ ਵਿਦਿਆਰਥੀ ਨੂੰ ਲੋੜੀਂਦੀ ਹੋਵੇਗੀ।

## ਸ਼ਨਾਖ਼ਤੀ ਕਾਰਡ

ਹਰ ਵਿਦਿਆਰਥੀ ਨੂੰ ਇਕ ਸ਼ਨਾਖਤੀ ਕਾਰਡ ਸਕੂਲ ਵੱਲੋਂ ਦਿੱਤਾ ਜਾਵੇਗਾ। ਇਹ ਸ਼ਨਾਖ਼ਤੀ ਕਾਰਡ ਵਿਦਿਆਰਥੀ ਨੂੰਹਰ ਸਮੇਂ ਆਪਣੇ ਪਾਸ ਰੱਖਣਾ ਜ਼ਰੂਰੀ ਹੈ। ਕਿਸੇ ਵੀ ਸਕੂਲ ਅਧਿਕਾਰੀ ਦੁਆਰਾ ਮੰਗੇ ਜਾਣ ਉੱਤੇ ਇਹ ਕਾਰਡ ਦਿਖਾਉਣਾ ਜ਼ਰੂਰੀ ਹੈ।

ਜੇ ਕਿਸੇ ਵਿਦਿਆਰਥੀ ਕੋਲੋਂ ਸ਼ਨਾਖ਼ਤੀ ਕਾਰਡ ਗੁਆਚ ਜਾਂਦਾ ਹੈ ਤਾਂ ਇਸ ਸਬੰਧੀ ਲਾਇਬ੍ਰੇਰੀਅਨ ਨੂੰ ਤੁਰੰਤ ਹੀ ਲਿਖਤੀ ਸੂਚਨਾ ਦਿੱਤੀ ਜਾਵੇ ਅਤੇ ਕੀਮਤ ਦੇ ਕੇ ਨਵਾਂ ਸ਼ਨਾਖ਼ਤੀ ਕਾਰਡ ਪ੍ਰਾਪਤ ਕੀਤਾ ਜਾਵੇ ਨਹੀਂ ਤਾਂ ਗੁੰਮ ਹੋਏ ਸ਼ਨਾਖਤੀ ਕਾਰਡ ਉੱਤੇ ਕਿਸੇ ਹੋਰ ਵਿਦਿਆਰਥੀ ਦੁਆਰਾ ਕਿਤਾਬਾਂ ਪ੍ਰਾਪਤ ਕੀਤੇ ਜਾਣ ਦੀ ਜ਼ਿੰਮੇਵਾਰੀ ਸਬੰਧਤ ਵਿਦਿਆਰਥੀ ਦੀ ਹੋਵੇਗੀ। ਸ਼ਨਾਖ਼ਤੀ ਕਾਰਡ ਗੁਆਚਣ 'ਤੇ ਸਕੂਲ ਵਿਚ 100/- ਰੁਪਏ ਪੇਸ਼ਗੀ ਅਤੇ ਪੁਲਿਸ ਵਿਚ ਦਰਜ ਕਰਵਾਈ ਰਿਪੋਰਟ ਦੀ ਨਕਲ ਜਾਂ ਹਲਫੀਆ ਬਿਆਨ ਦੇਣ ਉਪਰੰਤ ਦੂਜਾ ਕਾਰਡ ਜਾਰੀ ਕੀਤਾ ਜਾਵੇਗਾ।



## ਘਰੇਲੂ ਇਮਤਿਹਾਨ ਅਤੇ ਲੈਕਚਰ

ਅਕਾਦਮਿਕ ਸੈਸ਼ਨ ਦੌਰਾਨ ਸਤੰਬਰ ਅਤੇ ਦਸੰਬਰ ਮਹੀਨੇ ਵਿਚ ਘਰੇਲੂ ਪ੍ਰੀਖਿਆਵਾਂ ਲਈਆਂ ਜਾਂਦੀਆਂ ਹਨ ਤੇ ਇਨ੍ਹਾਂ ਦੇ ਨਤੀਜੇ ਅਤੇ ਲੈਕਚਰਾਂ ਵਿਚ ਹਾਜ਼ਰੀ ਦੀ ਰਿਪੋਰਟ ਮਾਪਿਆਂ / ਸਰਪ੍ਰਸਤ ਨੂੰ ਭੇਜੀ ਜਾਂਦੀ ਹੈ।

**ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਿਯਮਾਂ ਅਨੁਸਾਰ ਪ੍ਰੀਖਿਆ ਦੀ ਪਾਤਰਤਾ ਲਈ :**

1. ਘਰੇਲੂ ਪ੍ਰੀਖਿਆ ਵਿਚ ਵਿਦਿਆਰਥੀਆਂ ਨੂੰ ਕੁੱਲ ਅੰਕਾਂ ਵਿਚੋਂ 33% ਅੰਕ ਜਾਂ ਹਰ ਇੱਕ ਵਿਸ਼ੇ ਵਿਚੋਂ 25% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ।
2. ਹਰ ਵਿਦਿਆਰਥੀ ਨੂੰ ਹਰ ਪੇਪਰ ਦੇ ਡਿਲਿਵਰਡ ਲੈਕਚਰਾਂ ਵਿਚੋਂ 75% ਹਾਜ਼ਰੀਆਂ ਲਗਾਉਣੀਆਂ ਜ਼ਰੂਰੀ ਹਨ। ਉਪਰੋਕਤ ਸ਼ਰਤਾਂ ਨੂੰ ਪੂਰਾ ਨਾ ਕਰ ਸਕਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਬੋਰਡ ਦੇ ਸਲਾਨਾ ਇਮਤਿਹਾਨ ਦੇਣ ਤੋਂ ਵੰਚਿਤ ਕਰ ਦਿੱਤਾ ਜਾਵੇਗਾ।

## ਘਰੇਲੂ ਇਮਤਿਹਾਨ ਅਤੇ ਲੈਕਚਰਾਂ ਸੰਬੰਧੀ ਜ਼ਰੂਰੀ ਹਦਾਇਤਾਂ

1. ਕਿਸੇ ਕਾਰਨ ਘਰੇਲੂ ਇਮਤਿਹਾਨ ਵਿਚ ਨਾ ਬੈਠ ਸਕਣ ਜਾਂ ਫੇਲ੍ਹ ਹੋਣ ਦੀ ਸੂਰਤ ਵਿਚ ਵਿਸ਼ੇਸ਼ ਇਮਤਿਹਾਨ ਦਾ ਮੌਕਾ ਦੇਣ ਦਾ ਅਧਿਕਾਰ ਪ੍ਰਿੰਸੀਪਲ ਪਾਸ ਹੋਵੇਗਾ।
2. ਜ਼ੋ ਵਿਦਿਆਰਥੀ ਬਿਨ੍ਹਾਂ ਕਿਸੇ ਵਿਸ਼ੇਸ਼ ਕਾਰਨ ਕਰਕੇ ਅਤੇ ਪਹਿਲਾਂ ਲਈ ਆਗਿਆ ਤੋਂ ਬਿਨ੍ਹਾਂ, ਘਰੇਲੂ ਇਮਤਿਹਾਨ ਵਿਚ ਨਹੀਂ ਬੈਠਦਾ, ਉਸ ਦਾ ਸਪੈਸ਼ਲ ਇਮਤਿਹਾਨ ਨਹੀਂ ਲਿਆ ਜਾਵੇਗਾ।
3. ਜੇਕਰ ਕੋਈ ਵਿਦਿਆਰਥੀ ਖੇਡਾਂ, ਸਹਿ–ਵਿੱਦਿਅਕ ਸਰਗਰਮੀਆਂ, ਐਨ.ਐਸ.ਐਸ. ਆਦਿ ਲਈ ਸਕੂਲ ਦੀ ਪ੍ਰਤਿਨਿਧਤਾ ਕਰਦਾ ਹੈ ਤਾਂ ਉਨ੍ਹਾਂ ਦਿਨਾਂ ਲਈ ਹਾਜ਼ਰੀਆਂ ਵਿਚ ਛੋਟ ਦੇਣ 'ਤੇ ਤਾਂ ਹੀ ਵਿਚਾਰ ਕੀਤਾ ਜਾਵੇਗਾ, ਜੇਕਰ ਉਹ ਸਕੂਲ ਪ੍ਰਿੰਸੀਪਲ ਤੋਂ ਪਹਿਲਾਂ ਮਨਜ਼ੂਰੀ ਲੈ ਕੇ ਗਿਆ ਹੋਵੇ।
4. ਮੈਡੀਕਲ ਸਰਟੀਫਿਕੇਟ ਦੇ ਆਧਾਰ 'ਤੇ ਜਾਂ ਕਿਸੇ ਵੀ ਪ੍ਰਕਾਰ ਦੀ ਛੁੱਟੀ ਦੇ ਆਧਾਰ' ਤੇ ਲੈਕਚਰ ਨਹੀਂ ਮਿਲਣਗੇ ਪਰ ਗੈਰ–ਹਾਜ਼ਰੀ ਜੁਰਮਾਨਾ ਮੁਆਫ਼ ਹੋ ਸਕਦਾ ਹੈ।
5. ਇਹਨਾਂ ਪ੍ਰੀਖਿਆਵਾਂ ਵਿੱਚ ਗੈਰ ਹਾਜ਼ਰ ਜਾ ਫੇਲ ਹੋਣ ਵਾਲੇ ਵਿਦਿਆਰਥੀਆਂ ਨੂੰ 100/– ਰੁਪਏ ਪ੍ਰਤੀ ਵਿਸ਼ਾ ਦੇ ਹਿਸਾਬ ਨਾਲ ਜੁਰਮਾਨਾ ਲਗਾਇਆ ਜਾਵੇਗਾ।

**ਨੋਟ :–**

ਜੇਕਰ ਕੋਈ ਵਿਦਿਆਰਥੀ ਘਰੇਲੂ ਪ੍ਰੀਖਿਆ ਵਿੱਚ ਹਾਜ਼ਰ ਨਹੀਂ ਹੁੰਦਾ ਤਾਂ ਪ੍ਰਿੰਸੀਪਲ ਦੇ ਹੁਕਮਾਂ ਅਨੁਸਾਰ ਉਸ ਦਾ ਨਾਮ ਕੱਟਿਆ ਜਾ ਸਕਦਾ ਹੈ ਅਤੇ ਉਸਨੂੰ ਸਲਾਨਾ ਪ੍ਰੀਖਿਆ ਵਿੱਚ ਨਹੀਂ ਬੈਠਣ ਦਿੱਤਾ ਜਾਵੇਗਾ।

## ਬੋਰਡ ਪ੍ਰੀਖਿਆ ਲਈ ਯੋਗਤਾ ਦੇ ਨਿਯਮ

1. ਹਰੇਕ ਵਿਦਿਆਰਥੀ 75% ਹਾਜ਼ਰੀਆਂ ਜ਼ਰੂਰ ਪੂਰੀਆਂ ਕਰੇ।
2. ਘੱਟੋ-ਘੱਟ ਇੱਕ ਘਰੇਲੂ ਪ੍ਰੀਖਿਆ ਵਿਚੋਂ 25% ਅੰਕ ਐਗਰੀਗੇਟ ਰੂਪ ਵਿੱਚ ਹੋਣੇ ਚਾਹੀਦੇ ਹਨ। ਅਜਿਹਾ ਨਾ ਹੋਣ ਦੀ ਹਾਲਤ ਵਿੱਚ ਪ੍ਰਿੰਸੀਪਲ ਆਪਣੀ ਮਰਜ਼ੀ ਨਾਲ ਵਿਦਿਆਰਥੀ ਦਾ ਖ਼ਾਸ ਟੈਸਟ ਲੈ ਸਕਦਾ ਹੈ। ਇਸ ਟੈਸਟ ਵਿਚੋਂ ਵਿਦਿਆਰਥੀ ਲਈ 30% ਅੰਕ ਲੈਣੇ ਜ਼ਰੂਰੀ ਹਨ।
3. ਸਕੂਲ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਨੂੰ 10 ਹਾਜ਼ਰੀਆਂ ਪ੍ਰਤੀ-ਵਿਸ਼ਾ ਅਤੇ 7 ਹਾਜ਼ਰੀਆਂ ਪ੍ਰੈਕਟੀਕਲ ਵਿੱਚ ਪ੍ਰਿੰਸੀਪਲ ਵਲੋਂ ਦਿੱਤੀਆਂ ਜਾ ਸਕਦੀਆਂ ਹਨ।
4. ਸਾਰੇ ਸੈਸ਼ਨ ਵਿੱਚ ਵਿਦਿਆਰਥੀ ਦਾ ਵਿਵਹਾਰ ਅੱਛਾ ਹੋਣਾ ਚਾਹੀਦਾ ਹੈ।
5. ਜੁਰਮਾਨਾ 1 ਰੁ. ਪ੍ਰਤੀ-ਲੈਕਚਰ ਅਤੇ 5 ਰੁ. ਪ੍ਰਤੀ ਪ੍ਰੈਕਟੀਕਲ ਹੋਵੇਗਾ।
6. ਹਰ ਵਿਦਿਆਰਥੀ ਸਲਾਨਾ ਪ੍ਰੀਖਿਆ ਤੋਂ ਪਹਿਲਾਂ ਆਪਣੀ ਬਕਾਇਆ ਚਿੱਟ ਲਾਇਬਰੇਰੀ ਵਿਚੋਂ ਲੈ ਕੇ ਫ਼ੀਸਾਂ ਸਬੰਧੀ ਅਤੇ ਹੋਰ ਬਕਾਇਆ ਦਫ਼ਤਰ ਵਿਚੋਂ ਕਲੀਅਰ ਕਰਵਾ ਕੇ ਆਪਣਾ ਬਣਦਾ ਬਕਾਇਆ ਭਰੇਗਾ। ਫਿਰ ਹੀ ਉਸਨੂੰ ਸਲਾਨਾ ਪ੍ਰੀਖਿਆ ਲਈ ਰੋਲ ਨੰ: ਮਿਲੇਗਾ।

## ਅਸੈਸਮੈਂਟ :-

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਨਿਯਮਾਂ ਮੁਤਾਬਿਕ ਗਿਆਰਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਅਸੈਂਸਮੈਂਟ ਲਗਾਈ ਜਾਂਦੀ ਹੈ।

ਇਸ ਸਬੰਧੀ ਅੰਕਾ ਦੀ ਵੰਡ ਦਾ ਵੇਰਵਾ ਇਸ ਪ੍ਰਕਾਰ ਹੈ :-

| | |
|---|---|
| 1. ਅਕਾਦਮਿਕ ਪ੍ਰਾਪਤੀਆਂ | 10 ਅੰਕ |
| 2. ਸਹਿ ਅਕਾਦਮਿਕ ਪ੍ਰਾਪਤੀਆਂ | 10 ਅੰਕ |
| ੳ. ਹੋਮਵਰਕ | 2 ਅੰਕ |
| ਅ. ਹਾਜ਼ਰੀ | 2 ਅੰਕ |
| ੲ. ਵਿਅਕਤੀਤਵ ਵਿਕਾਸ ਕਿਰਿਆਵਾਂ | 3 ਅੰਕ |
| ਸ. ਖੇਡਾਂ ਅਤੇ ਸੱਭਿਆਚਾਰਕ ਕਿਰਿਆਵਾਂ | 3 ਅੰਕ |

## ਸਕੂਲ ਦੇ ਮੁੱਖ ਕਾਰਜਕ੍ਰਮ

ਸਕੂਲ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਲਈ ਸੈਸ਼ਨ ਦੌਰਾਨ ਵੱਖ-ਵੱਖ ਸਮਿਆਂ ਤੇ ਕਾਰਜਕ੍ਰਮ ਵੀ ਉਲੀਕੇ ਗਏ ਹਨ। ਜਿਹਨਾਂ ਵਿੱਚ ਬਾਲ ਦਿਵਸ, ਐਨ.ਐਸ.ਐਸ. ਦਿਵਸ, ਹਿੰਦੀ ਦਿਵਸ, ਸਲਾਨਾ ਐਥਲੈਟਿਕ ਮੀਟ, ਇਨਾਮ ਵੰਡ ਸਮਾਰੋਹ ਪ੍ਰਮੁੱਖ ਹਨ। ਸਲਾਨਾ ਫੰਕਸ਼ਨ ਮਾਰਚ ਮਹੀਨੇ ਦੇ ਅੰਤ ਵਿੱਚ ਕਰਵਾਇਆ ਜਾਂਦਾ ਹੈ। ਯੁਵਕ ਗਤੀਵਿਧੀਆਂ ਵੀ ਸਮੇਂ-ਸਮੇਂ 'ਤੇ ਕਰਵਾਈਆਂ ਜਾਂਦੀਆਂ ਹਨ।

## ਸੱਭਿਆਚਾਰਕ ਸਰਗਰਮੀਆਂ

ਰਾਜ ਨਾਲ ਸੰਬੰਧਿਤ ਯੁਵਕ ਭਲਾਈ ਵਿਭਾਗ ਵੱਲੋਂ ਹਰ ਸਾਲ ਕਿਸੇ ਨਾ ਕਿਸੇ ਸਕੂਲ/ਸੰਸਥਾ ਵਿੱਚ ਸੱਭਿਆਚਾਰਕ ਸਰਗਰਮੀਆਂ ਕਰਵਾਈਆਂ ਜਾਂਦੀਆਂ ਹਨ। ਜਿਨ੍ਹਾਂ ਵਿੱਚ ਵਿਦਿਆਰਥੀ-ਕਲਾਕਾਰ ਭਾਗ ਲੈਂਦੇ ਹਨ। ਵਿਦਿਆਰਥੀਆਂ ਨੂੰ ਇਨ੍ਹਾਂ ਸਰਗਰਮੀਆਂ ਲਈ ਤਿਆਰ ਕਰਨਾ ਹੀ ਇਨ੍ਹਾਂ ਗਤੀਵਿਧੀਆਂ ਦਾ ਮੁੱਖ ਉਦੇਸ਼ ਹੈ। ਸਕੂਲ ਵਿੱਚ ਇਸ ਉਦੇਸ਼ ਲਈ ਯੂਨਿਟ ਤਿਆਰ ਕੀਤਾ ਗਿਆ ਹੈ। ਜਿਸ ਵਿੱਚ, ਲੈਕਚਰਾਰ ਪ੍ਰੀਤੀ ਕੌਸ਼ਲ, ਲੈਕਚਰਾਰ ਜਗਜੀਤ ਸਿੰਘ ਸ਼ਾਮਲ ਹਨ।

## ਯੁਵਕ ਮੇਲਾ

ਯੁਵਕ ਗਤੀਵਿਧੀਆਂ ਦੇ ਤਹਿਤ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਖੇਤਰ, ਜਿਲ੍ਹਾ ਅਤੇ ਰਾਜ ਪੱਧਰ 'ਤੇ ਯੁਵਕ ਮੇਲੇ ਕਰਵਾਏ ਜਾਂਦੇ ਹਨ। ਸਕੂਲ ਦੇ ਯੁਵਕ ਸਰਵਿਸਿਜ਼ ਵਿਭਾਵ ਵੱਲੋਂ ਵੱਧ ਤੋਂ ਵੱਧ ਇਹਨਾਂ ਮੁਕਾਬਲਿਆਂ ਵਿੱਚ ਹਿੱਸਾ ਪਾਇਆ ਜਾਂਦਾ ਹੈ। ਪਿਛਲੇ ਵਰ੍ਹਿਆਂ ਦੌਰਾਨ ਵੱਖੋ-ਵੱਖਰੀਆਂ ਸੱਭਿਆਚਾਰਕ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਨੇ ਸ਼ਾਨਦਾਰ ਪੁਜੀਸ਼ਨਾਂ ਹਾਸਲ ਕੀਤੀਆਂ।
ਲੈਕ. ਜਗਜੀਤ ਸਿੰਘ ਅਤੇ ਲੈਕ. ਪ੍ਰੀਤੀ ਕੌਸ਼ਲ ਇਨ੍ਹਾਂ ਯੁਵਕ ਮੇਲਿਆਂ ਲਈ ਵਿਦਿਆਰਥੀਆਂ ਦੀ ਅਗਵਾਈ ਕਰਦੇ ਹਨ।

## ਕੈਰੀਅਰ ਐਡਵਾਈਜ਼ਰੀ ਸੈੱਲ

ਆਧੁਨਿਕ ਸਮੇਂ ਦੀ ਮੰਗ ਅਨੁਸਾਰ ਵਿਦਿਆਰਥੀਆਂ ਦੇ ਚੰਗੇਰੇ ਭਵਿੱਖ ਲਈ ਕਿੱਤੇ ਦੀ ਚੋਣ ਸੰਬੰਧੀ ਸਲਾਹ ਮਸ਼ਵਰੇ ਲਈ ਇੱਕ ਯੂਨਿਟ ਦੀ ਸਥਾਪਨਾ ਕੀਤੀ ਗਈ ਹੈ ਜੋ ਕਿ ਲੈਕ. ਹਰਪ੍ਰੀਤ ਸਿੰਘ ਦੀ ਰਹਿਨੁਮਾਈ ਹੇਠ ਕੰਮ ਕਰ ਰਹੀ ਹੈ, ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਭਵਿੱਖ ਲਈ ਸਮਾਜਿਕ, ਆਰਥਿਕ ਅਤੇ ਮਾਨਸਿਕ ਤੌਰ 'ਤੇ ਯੋਗ ਬਣਾਉਣਾ ਹੈ।

## ਸਹਿ-ਵਿਦਿਅਕ ਸਰਗਰਮੀਆਂ

ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਵਿਚਲੀ ਪ੍ਰਤਿਭਾ ਉਜਾਗਰ ਕਰਨ, ਨਿਖਾਰਨ ਅਤੇ ਵਿਦਿਆਰਥੀਆਂ ਨੂੰ ਜੀਵਨ ਦੇ ਹਰ ਖੇਤਰ ਵਿਚ ਮੋਹਰੀ ਹੋ ਕੇ ਮੱਲਾਂ ਮਾਰਦੇ ਹੋਏ ਸਮਾਜ-ਸੇਵਾ ਪ੍ਰਤੀ ਚੇਤੰਨ ਕਰਨ ਲਈ ਸਕੂਲ ਵਲੋਂ ਪ੍ਰਬੰਧਕੀ ਕਮੇਟੀ ਦੀ ਰਹਿਨੁਮਾਈ ਵਿਚ ਹਰ ਸਾਲ ਵਿਸ਼ੇਸ਼ ਉੱਦਮ ਕੀਤੇ ਜਾਂਦੇ ਹਨ। ਅੱਜ ਦੇ ਗਤੀਸ਼ੀਲ ਯੁੱਗ ਵਿਚ ਚੰਗੇ ਨਾਗਰਿਕ ਪੈਦਾ ਕਰਨ ਦੇ ਨਾਲ-ਨਾਲ ਆਪਣੇ ਧਾਰਮਿਕ, ਸਮਾਜਿਕ, ਸੱਭਿਆਚਾਰਕ ਅਤੇ ਬੌਧਿਕ ਵਿਰਸੇ ਪ੍ਰਤੀ ਜਾਗਰੂਕ ਮਨੁੱਖ ਪੈਦਾ ਕਰਨ ਲਈ ਕਈ ਕਲੱਬ, ਸਭਾਵਾਂ ਤੇ ਸੁਸਾਇਟੀਆਂ ਦਾ ਗਠਨ ਕੀਤਾ ਗਿਆ ਹੈ, ਜ਼ੋ ਵਿਦਿਆਰਥੀਆਂ ਅੰਦਰ ਸਮਾਈਆਂ ਇਹਨਾਂ ਬਹੁ-ਦਿਸ਼ਾਵੀ ਰੁਚੀਆਂ ਤੇ ਯੋਗਤਾਵਾਂ ਨੂੰ ਪਰਪੱਕ ਅਤੇ ਸੁਦ੍ਰਿੜ ਹੋਣ ਦੇ ਮੌਕੇ ਪ੍ਰਦਾਨ ਕਰਦੀਆਂ ਹਨ। ਸਕੂਲ ਵਿੱਚ ਹੇਠ ਲਿਖੀਆਂ ਸਭਾਵਾਂ ਅਤੇ ਸੰਗਠਨ ਮੌਜੂਦ ਹਨ:

1. ਪੰਜਾਬੀ ਸਾਹਿਤ ਸਭਾ
2. ਹਿੰਦੀ ਸਾਹਿਤਯ ਪ੍ਰੀਸ਼ਦ
3. ਅੰਗਰੇਜ਼ੀ ਸਾਹਿਤ ਸਭਾ
4. ਕਾਮਰਸ ਐਸੋਸੀਏਸ਼ਨ
5. ਯੂਥ ਕਲੱਬ
6. ਸਾਇੰਸ ਸੁਸਾਇਟੀ

## ਐਨ.ਐਸ.ਐਸ.

ਸਕੂਲ ਦੇ ਅੰਦਰ ਐਨ.ਐਸ.ਐਸ. ਦੇ ਤਿੰਨ ਯੂਨਿਟ ਚੱਲ ਰਹੇ ਹਨ, ਐਨ.ਐਸ.ਐਸ. ਯੂਨਿਟਾਂ ਦੇ ਵੱਲੋਂ ਹਰ ਸਾਲ ਇੱਕ ਰੋਜ਼ਾ ਅਤੇ ਸੱਤ ਰੋਜਾ ਕੈਂਪ ਲਗਾਏ ਜਾਂਦੇ ਹਨ। ਲੈਕਚਰਾਰ ਪ੍ਰੀਤੀ ਕੌਸ਼ਲ, ਲੈਕਚਰਾਰ ਸ਼ਬਨਮ ਗਰਗ,ਲੈਕਚਰਾਰ ਜਸਵਿੰਦਰ ਕੌਰ ਇਨ੍ਹਾਂ ਯੂਨਿਟਾਂ ਦੇ ਪ੍ਰੋਗਰਾਮ ਅਫਸਰ ਨਿਯੁਕਤ ਕੀਤੇ ਗਏ ਹਨ।

## ਸਕੂਲ ਯੂਥ ਕਲੱਬ

ਵਿਦਿਆਰਥੀਆਂ ਦੇ ਵਿਅਕਤੀਤੱਵ ਦੇ ਸਮੂਹਿਕ ਵਿਕਾਸ ਲਈ, ਉਨ੍ਹਾਂ ਨੂੰ ਸੇਧ ਦੇਣ ਅਤੇ ਸੱਭਿਆਚਾਰਕ, ਕਲਾਤਮਿਕ ਤੇ ਹੋਰ ਸਾਹਸੀ ਰੁਚੀਆਂ ਨੂੰ ਜਾਗ੍ਰਿਤ ਕਰਨ ਅਤੇ ਸਬੰਧਤ ਗਤੀਵਿਧੀਆਂ ਨੂੰ ਪ੍ਰਫੁੱਲਤ ਕਰਨ ਵਾਸਤੇ ਸਕੂਲ ਵਿਚ ਪੰਜਾਬ ਯੁਵਕ ਸੇਵਾਵਾਂ ਵਿਭਾਗ ਵਲੋਂ ਪ੍ਰਵਾਨਿਤ ਇੱਕ 'ਯੂਥ ਕਲੱਬ' ਸਥਾਪਿਤ ਹੈ। ਇਸ ਦੁਬਾਰਾ ਯੁਵਕ ਮੇਲੇ, ਯੂਥ ਲੀਡਰਸ਼ਿਪ ਟਰੇਨਿੰਗ ਕੈਂਪ, ਹਾਈਕਿੰਗ ਟਰੈਕਿੰਗ ਅਤੇ ਅੰਤਰ-ਰਾਜੀ ਟੂਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

## ਵੱਖ-ਵੱਖ ਇਨਾਮ

ਵਿਦਿਆਰਥੀਆਂ ਦੀਆਂ ਵੱਖ-ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਨੂੰ ਸਨਮਾਨਿਤ ਕਰਨ ਲਈ ਇਨਾਮ ਦਿੱਤੇ ਜਾਂਦੇ ਹਨ, ਜੋ ਕਿ ਇਸ ਪ੍ਰਕਾਰ ਹਨ:

**ਐਨ.ਐਸ.ਐਸ. ਪੁਰਸਕਾਰ**

1. ਇਨਾਮ ਇੱਕ ਯੂਨਿਟ ਨੂੰ ਆਧਾਰ ਮੰਨ ਕੇ ਦਿੱਤੇ ਜਾਣਗੇ।
2. ਐਨ.ਐਸ.ਐਸ. ਦੇ ਸਰਵੋਤਮ ਵਲੰਟੀਅਰ ਦੀ ਚੋਣ ਤੇ ਸਕੂਲ ਕਲਰ ਲਈ ਉਹ ਵਲੰਟੀਅਰ ਯੋਗ ਹੋਵੇਗਾ।
   - ੳ. ਜਿਸ ਨੇ ਇੱਕ ਸੱਤ ਰੋਜਾ ਐਨ.ਐਸ.ਐਸ. ਕੈਂਪ ਲਗਾਇਆ ਹੋਵੇ।
   - ਅ. ਚਰਿੱਤਰ ਅਤੇ ਅਨੁਸ਼ਾਸਨ ਸਹੀ ਹੋਵੇ।
   - ੲ. ਜੋ ਕਿਸੇ ਵੀ ਕਾਰਨ ਕਰਕੇ ਸਸਪੈਂਡ ਨਾ ਹੋਇਆ ਹੋਵੇ।
3. ਯੋਗ ਉਮੀਦਵਾਰ ਦੀ ਚੋਣ ਲਈ ਨਿਮਨ-ਅਧਾਰ ਹੋਵੇਗਾ।

| | |
|---|---|
| ੳ. ਹਰ ਸੱਤ-ਰੋਜ਼ਾ ਕੈਂਪ ਦੇ | - 2 ਅੰਕ |
| ਅ. ਅੰਤਰ ਸਕੂਲ ਕੈਂਪ ਦੇ | - 6 ਅੰਕ |
| ੲ. ਖ਼ੂਨਦਾਨ (ਪ੍ਰਤੀ ਦਾਨ) | - 4 ਅੰਕ |
| ਸ. 120 ਘੰਟੇ ਤੋਂ ਉੱਪਰ ਹਰ 20 ਘੰਟੇ ਦੇ | - 1 ਅੰਕ |
| ਹ. ਅੰਤਰ-ਸਕੂਲ ਕੈਂਪ ਵਿੱਚ ਕਿਸੇ ਪੁਰਸਕਾਰ ਲਈ | - 2 ਅੰਕ |
| ਕ. ਬੈਸਟ ਕੈਂਪਰ ਘੋਸ਼ਿਤ ਹੋਣ ਲਈ | - 3 ਅੰਕ |

4. ਵਧੀਆ ਵਲੰਟੀਅਰ ਨੂੰ ਵਿਸ਼ੇਸ਼ ਪੁਰਸਕਾਰ ਵੀ ਦਿੱਤੇ ਜਾਣਗੇ।

## ਅਕਾਦਮਿਕ ਇਨਾਮ

1. ਇਹ ਘਰੇਲੂ ਪ੍ਰੀਖਿਆ ਦੇ ਆਧਾਰ 'ਤੇ ਦਿੱਤੇ ਜਾਂਦੇ ਹਨ।
2. ਕਿਸੇ ਵੀ ਵਿਸ਼ੇ ਵਿੱਚ ਫੇਲ੍ਹ ਵਿਦਿਆਰਥੀ ਇਨਾਮ ਦਾ ਹੱਕਦਾਰ ਨਹੀਂ ਹੋਵੇਗਾ।
3. ਅਨੁਸ਼ਾਸਨਹੀਣ, ਦੁਰਵਿਹਾਰ ਅਤੇ ਪ੍ਰੀਖਿਆ ਵਿੱਚ ਅਯੋਗ ਸਾਧਨ ਵਰਤਣ ਵਾਲਾ ਵਿਦਿਆਰਥੀ ਇਨਾਮ ਦਾ ਹੱਕਦਾਰ ਨਹੀਂ ਹੋਵੇਗਾ।
4. ਹਰ ਜਮਾਤ ਵਿੱਚ ਫਸਟ, ਸੈਕਿੰਡ ਰਹਿਣ ਵਾਲੇ ਵਿਦਿਆਰਥੀਆਂ ਨੂੰ ਪਹਿਲਾਂ ਅਤੇ ਦੂਜਾ ਇਨਾਮ ਦਿੱਤਾ ਜਾਵੇਗਾ। ਇਸ ਇਨਾਮ ਦੀ ਕਿਸਮ ਸਕੂਲ ਵਲੋਂ ਆਪਣੀ ਇੱਛਾ ਅਨੁਸਾਰ ਕੋਈ ਵੀ ਹੋ ਸਕਦੀ ਹੈ।
5. ਹਿੰਦੀ, ਪੰਜਾਬੀ, ਅੰਗਰੇਜ਼ੀ ਭਾਸ਼ਾ ਦੇ ਸਰਵੋਤਮ ਸਪੀਕਰ ਨੂੰ ਵੀ ਵਿਸ਼ੇਸ਼ ਇਨਾਮ ਦਿੱਤਾ ਜਾਵੇਗਾ।
6. ਸਪੈਸ਼ਲ ਮੈਰਿਟ :-

   ਬੋਰਡ ਵਿੱਚੋਂ ਮੈਰਿਟ ਲਿਸਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਪ੍ਰਦਾਨ ਕੀਤੇ ਜਾਣਗੇ। ਇਸ ਤੋਂ ਇਲਾਵਾ ਵਿਸ਼ੇਸ਼ ਇਨਾਮ ਵੀ ਹੋਣਗੇ।
7. ਬੋਰਡ ਪ੍ਰੀਖਿਆ/ਖ਼ੇਡਾਂ/ਐਨ.ਐਸ.ਐਸ./ਸੱਭਿਆਚਾਰ ਵਿੱਚ ਉੱਚ ਦਰਜਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਨਾਮ ਸਕੂਲ ਦੇ ਆਨਰਜ਼ ਬੋਰਡ ਉੱਤੇ ਲਿਖਿਆ ਜਾਵੇਗਾ। ਰਾਸ਼ਟਰੀ ਜਾਂ ਅੰਤਰਰਾਸ਼ਟਰੀ ਨਾਮਣਾ ਖੱਟਣ ਵਾਲੇ ਵਿਦਿਆਰਥੀਆਂ ਨੂੰ ਸੰਸਥਾ ਵਲੋਂ ਵਿਸ਼ੇਸ਼ ਇਨਾਮ ਦਿੱਤੇ ਜਾਣਗੇ।

## ਵਿਦਿਆਰਥੀਆਂ ਲਈ ਵਜੀਫ਼ੇ ਦੀ ਸਹੂਲਤ

ਸਰਕਾਰ ਵੱਲੋਂ ਦਿੱਤੀਆਂ ਜਾਣੀਆਂ ਸਕੀਮਾਂ ਤਹਿਤ ਐਸ.ਸੀ., ਬੀ.ਸੀ., ਘੱਟ-ਗਿਣਤੀ ਵਰਗ ਦੇ ਵਿਦਿਆਰਥੀਆਂ ਨੂੰ ਵਜ਼ੀਫੇ ਦੀ ਸਹੂਲਤ ਹੈ। ਜੋ ਵਿਦਿਆਰਥੀ ਇਹਨਾਂ ਵਰਗਾਂ ਅਧੀਨ ਆਉਂਦੇ ਹਨ ਉਨ੍ਹਾਂ ਨੂੰ ਹੇਠ ਲਿਖੀਆਂ ਸਕੀਮਾਂ ਤਹਿਤ ਵਜੀਫੇ ਪ੍ਰਦਾਨ ਕੀਤੇ ਜਾਂਦੇ ਹਨ।

**ਡਾ. ਅੰਬੇਦਕਰ ਸਕੀਮ : ਐਸ.ਸੀ. ਅਤੇ ਬੀ.ਸੀ. ਵਰਗਾਂ ਲਈ**

**ਇੰਚਾਰਜ :** 1.ਲੈਕ. ਜਸਵਿੰਦਰ ਕੌਰ
2. ਲੈਕ. ਅੱਛਰਾ ਗਰਗ

**ਘੱਟ ਗਿਣਤੀ ਵਰਗ ਲਈ ਵਜੀਫ਼ਾ**

**ਇਚਾਰਜ :** 1. ਲੈਕ. ਸਤਵਿੰਦਰ ਕੌਰ
2. ਲੈਕ. ਨੀਰੁ ਬਾਂਸਲ

**ਲਾਭ-ਪਾਤਰੀ ਵਜੀਫ਼ਾ**

**ਇੰਚਾਰਜ਼** 1. ਲੈਕ. ਮਲਕਾ ਰਾਣੀ
2. ਲੈਕ. ਮਿਤੀਕਾ ਗੁਪਤਾ

**ਵੱਖ-ਵੱਖ ਸਮਾਜਸੇਵੀ ਸੰਸਥਾਵਾਂ ਦੁਆਰਾ ਸਮੇਂ-ਸਮੇਂ ਲਏ ਜਾਂਦੇ ਟੈਸਟਾਂ ਦੇ ਆਧਾਰ ਤੇ ਮਿਲਣ ਵਾਲੇ ਵਜੀਫੇ ਲਈ**

**ਇੰਚਰਾਜ** 1. ਲੈਕ. ਕਿਰਨਦੀਪ
2. ਲੈਕ. ਮੀਨਾ ਰਾਣੀ

**PM Young Achievers Scholarship**
Award Scheme For OBC
**Incharge:** Lec. Harpreet Singh

ਉਪਰੋਕਤ ਇੰਚਾਰਜ ਸਹਿਬਾਨ ਵਿਦਿਆਰਥੀਆਂ ਨੂੰ ਗਾਈਡ ਕਰਦੇ ਹਨ। ਸਮੇਂ ਸਿਰ ਵਿਦਿਆਰਥੀਆਂ ਨੂੰ ਨੋਟਿਸ ਬੋਰਡ ਉਪਰ ਨੋਟਿਸ ਲਗਾਕੇ ਸੂਚਿਤ ਕੀਤਾ ਜਾਂਦਾ ਹੈ। ਨੋਟਿਸ ਬੋਰਡ ਪੜ੍ਹਨਾ ਵਿਦਿਆਰਥੀਆਂ ਦੀ ਖੁਦ ਦੀ ਜ਼ਿੰਮੇਵਾਰੀ ਹੈ।

## ਜ਼ਰੂਰੀ ਸ਼ਰਤਾਂ

1. ਪਹਿਲੀਆਂ ਤਿੰਨ ਸਕੀਮਾਂ ਲਈ ਵਿਦਿਆਰਥੀ ਦੇ ਪਿਛਲੀ ਪਾਸ ਕੀਤੀ ਸ਼੍ਰੇਣੀ ਵਿੱਚ 50% ਤੋਂ ਵੱਧ ਅੰਕ ਪ੍ਰਾਪਤ ਹੋਣ।
2. ਵਿਦਿਆਰਥੀ ਕੋਲ ਸਰਕਾਰ ਵੱਲੋਂ ਨਿਰਧਾਰਿਤ ਆਮਦਨ ਦਾ ਸਬੂਤ ਹੋਵੇ।
3. ਬੈਂਕ ਦੀ ਪਾਸ ਬੁੱਕ ਅਤੇ ਆਧਾਰ ਕਾਰਡ ਪੇਸ਼ ਕੀਤਾ ਜਾਵੇ।
4. ਆਧਾਰ ਕਾਰਡ ਦੇ ਉਪਰ ਵਿਦਿਆਰਥੀ, ਪਿਤਾ ਦਾ ਨਾਮ, ਮਾਤਾ ਦਾ ਨਾਮ ਦੇ ਸਪੈਲਿੰਗ ਦਸਵੀਂ ਦੇ ਸਰਟੀਫਿਕੇਟ ਦੇ ਨਾਲ ਮੇਲ ਖਾਣੇ ਚਾਹੀਦੇ ਹਨ।

# LIST OF SCHOOL Committees

| | |
|---|---|
| ***Incharge Cultural Activities*** | Lect. Jagjit Singh, Lect. Preeti Kaushal, Lect. Jaswinder Kaur, Lect Ramandeep Sharma |
| ***Incharge Prospectus*** | Lect. Ramandeep Kaur |
| ***Incharge Time Table*** | Lect. Ramandeep Kaur, Lect. Meena Rani |
| ***Chief Proctor*** | Lect. Shabnam Garg |
| ***Public Relation Officer*** | Lect. Sukhwinder Kaur |
| ***NSS Department & Youth Club*** | Lect. Preeti Kaushal<br>Lect. Shabnam Garg, Lect. Jaswinder Kaur, |
| ***ECO Club & Health Care*** | Lect. Lect. Amarjot Kaur, Lect. Achhra Garg<br>Lect. Meena Rani, Lect. Neeru Bansal |
| ***Incharge Admission withdrawal register*** | Lect. Ramandeep Sharma, Lect. Sukhwinder Kaur |
| ***Science Association*** | Lect. Malka Rani, Lect. Meetika Gupta |
| ***Commerce Association*** | Lect. Harpreet Singh, Lect. Meena Rani |
| ***Punjabi Sahit Sabha*** | Lect. Preeti Kaushal, Lect. Sukhwinder Kaur |
| ***Hindi Sahitya Sabha*** | Lect. Kirandeep |
| ***English Literary Society*** | Lect. Ramandeep Kaur<br>Lect. Ramandeep Sharma |
| ***Incharge Career Guidance*** | Lect. Harpreet Singh |
| ***Incharge Boys*** | Lect. Jagjit Singh, Lect. Harpreet Singh |
| ***Incharge Girls*** | Lect. Preeti Kaushal, Lect. Jaswinder Kaur |
| ***Incharge Statistic and Data Capture Format*** | Lect. Samriti, Lect. Satwinder Kaur |
| ***Building Maintenance Committee*** | Lect. Harpreet Singh, Lect. Satwinder Kaur |
| ***Examination Branch*** | Lect. Kirandeep, Lect. Meena Rani |
| ***Incharge Yoga*** | Lect. Yogita |
| ***Incharge Library*** | Mrs. Taninderjit Kaur |
| ***E-Punjab*** | Mr. Sukhvir Singh |

## ਫ਼ੀਸ ਅਦਾਇਗੀ ਦਾ ਢੰਗ ਤੇ ਨਿਯਮ

1. ਦਾਖ਼ਲੇ ਸਮੇਂ ਦਾਖ਼ਲਾ ਫ਼ੀਸ ਅਤੇ ਫੰਡਜ਼ ਜਮਾ ਕਰਵਾਓਣ ਉਪਰੰਤ ਹੀ ਵਿਦਿਆਰਥੀ ਦਾਖ਼ਲਾ ਲੈ ਸਕੇਗਾ।
2.ਅਕਤੂਬਰ ਵਿੱਚ ਦੂਜੀ ਕਿਸ਼ਤ ਜਮਾ ਕਰਵਾਈ ਜਾਵੇਗੀ।
3.ਬੋਰਡ ਦੇ ਇਮਤਿਹਾਨ ਦੀ ਫੀਸ ਬੋਰਡ ਦੇ ਆਦੇਸ਼ ਮੁਤਾਬਿਕ ਨਿਯਤ ਸਮੇਂ ਤੇ ਲਈ ਜਾਵੇਗੀ।
4.ਅਦਾਇਗੀ ਨਕਦ ਕਰਨੀ ਪਵੇਗੀ।
5.ਜੇਕਰ ਕੋਈ ਵਿਦਿਆਰਥੀ ਗ਼ੈਰ-ਹਾਜ਼ਰ ਜਾਂ ਛੁੱਟੀ 'ਤੇ ਹੈ ਤਾਂ ਵੀ ਉਸ ਨੂੰ ਨਿਸ਼ਿਚਿਤ ਮਿਤੀ 'ਤੇ ਹੀ ਫ਼ੀਸ ਅਦਾ ਕਰਨੀ ਪਵੇਗੀ।

## ਫ਼ੀਸ ਮੁਆਫ਼ੀ

- ਗਰੀਬ ਅਤੇ ਹੁਸ਼ਿਆਰ ਵਿਦਿਆਰਥੀਆਂ ਦੀ ਫ਼ੀਸ ਮੁਆਫ਼ੀ ਸੀਮਿਤ ਗਿਣਤੀ ਤੱਕ ਪ੍ਰਬੰਧਕੀ ਕਮੇਟੀ ਰਾਹੀਂ ਅਰਜ਼ੀਆਂ ਦੇ ਆਧਾਰ 'ਤੇ ਕੀਤੀ ਜਾਵੇਗੀ। ਅਰਜ਼ੀਆਂ 'ਤੇ ਵਿਚਾਰ ਕਰਕੇ ਪ੍ਰਬੰਧਕੀ ਕਮੇਟੀ ਵੱਲੋਂ ਮੀਟਿੰਗ ਕੀਤੀ ਜਾਵੇਗੀ। ਇਸ ਮੀਟਿੰਗ ਵਿਚ ਹੀ ਫ਼ੀਸ ਮੁਆਫ਼ੀ ਸੰਬੰਧੀ ਵਿਚਾਰਿਆ ਜਾਵੇਗਾ। ਇਸ ਮੀਟਿੰਗ ਦਾ ਸਮਾਂ ਪ੍ਰਬੰਧਕੀ ਕਮੇਟੀ ਵੱਲੋਂ ਹੀ ਮਿੱਥਿਆ ਜਾਵੇਗਾ। ਮੀਟਿੰਗ ਬਾਰੇ ਜਾਣਕਾਰੀ ਰੱਖਣੀ ਵਿਦਿਆਰਥੀਆਂ ਦੀ ਜਿੰਮੇਵਾਰੀ ਹੈ।

- ਖੇਡਾਂ, ਸੱਭਿਆਚਾਰਕ ਅਤੇ ਹੋਰ ਗਤੀਵਿਧੀਆਂ ਵਿੱਚ ਅਵੱਲ ਰਹਿਣ ਵਾਲੇ ਵਿਦਿਆਰਥੀ ਫ਼ੀਸ ਮੁਆਫ਼ੀ ਦੇ ਹੱਕਦਾਰ ਹੋਣਗੇ।

- ਸਕੂਲ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਦੇ ਛੋਟੇ ਭੈਣ-ਭਰਾ ਦੀ ਅੱਧੀ ਫ਼ੀਸ (ਕੇਵਲ ਟਿਊਸ਼ਨ ਫ਼ੀਸ) ਅਰਜੀ ਦੇ ਆਧਾਰ ਤੇ ਮੁਆਫ ਕੀਤੀ ਜਾਵੇਗੀ। ਅਜਿਹਾ ਵੱਡੇ ਭੈਣ-ਭਰਾ ਦੁਆਰਾ ਪੂਰੀ ਫ਼ੀਸ ਅਦਾ ਕਰਨ ਦੀ ਸੂਰਤ ਵਿੱਚ ਕੀਤਾ ਜਾਵੇਗਾ।

- ਫੇਲ੍ਹ ਹੋਣ ਵਾਲੇ ਜਾਂ ਕੰਪਾਰਟਮੈਂਟ ਵਾਲੇ ਅਤੇ ਅਨੁਸ਼ਾਸਨਹੀਨ ਵਿਦਿਆਰਥੀ ਦੀ ਫ਼ੀਸ ਮੁਆਫ਼ ਨਹੀ ਕੀਤੀ ਜਾਵੇਗੀ।

- ਜੇਕਰ ਕੋਈ ਵਿਦਿਆਰਥੀ ਲਗਾਤਾਰ ਗ਼ੈਰ-ਹਾਜ਼ਰ ਰਹਿੰਦਾ ਹੈ ਜਾਂ ਆਪਣੇ ਸਾਥੀਆਂ, ਸਕੂਲ ਕਰਮਚਾਰੀਆਂ ਜਾਂ ਅਧਿਆਪਕਾਂ ਨਾਲ ਦੁਰਵਿਵਹਾਰ ਕਰਦਾ ਹੈ, ਤਾਂ ਉਸ ਦੀ ਫ਼ੀਸ ਮੁਆਫ਼ ਨਹੀਂ ਕੀਤੀ ਜਾਵੇਗੀ। ਜੇਕਰ ਫ਼ੀਸ ਮੁਆਫ਼ ਕੀਤੀ ਜਾ ਚੁੱਕੀ ਹੈ ਤਾਂ ਅਜਿਹੇ ਵਿਦਿਆਰਥੀ ਦੀ ਫ਼ੀਸ ਮੁਆਫ਼ੀ ਰੱਦ ਕੀਤੀ ਜਾ ਸਕਦੀ ਹੈ।

# ਫੀਸਾਂ ਅਤੇ ਫੰਡ (2025-26)

| ਕਲਾਸ | ਦਾਖ਼ਲਾ ਫੀਸ | ਦੂਜੀ ਕਿਸ਼ਤ | ਤੀਸਰੀ ਕਿਸ਼ਤ | ਕੁੱਲ ਫੀਸ |
|---|---|---|---|---|
| ਨੌਵੀ | 4200/- | 3500/- | - | 7700/- |
| ਦਸਵੀਂ | 4400/- | 3850/- | - | 8250/- |
| +1 ਆਰਟਸ | 4000/- | 3500/- | 2950/- | 10450/- |
| +2 ਆਰਟਸ | 4000/- | 3500/- | 2950/- | 10450/- |
| +1 ਕਾਮਰਸ | 4500/- | 3550/- | 3500/- | 11550/- |
| +2 ਕਾਮਰਸ | 4500/- | 3550/- | 3500/- | 11550/- |
| +1 ਨਾਨ ਮੈਡੀਕਲ | 5000/- | 3550/- | 3550/- | 12100/- |
| +2 ਨਾਨ ਮੈਡੀਕਲ | 5000/- | 3550/- | 3550/- | 12100/- |
| +1 ਮੈਡੀਕਲ | 5000/- | 3550/- | 3550/- | 12100/- |
| +2 ਮੈਡੀਕਲ | 5000/- | 3550/- | 3550/- | 12100/- |

**ਨੋਟ :-**

- ਬੋਰਡ ਦੀ ਨਿਰਧਾਰਿਤ ਪ੍ਰੀਖਿਆ ਫ਼ੀਸ (ਕੇਵਲ +2 ਦੇ ਵਿਦਿਆਰਥੀਆਂ ਲਈ) ਬੋਰਡ ਦੇ ਨਿਯਮਾਂ ਅਨੁਸਾਰ ਹੀ ਦਾਖ਼ਲੇ ਦੀ ਪਹਿਲੀ ਕਿਸ਼ਤ ਦੇ ਨਾਲ ਹੀ ਜ਼ਮ੍ਹਾਂ ਕਰਵਾਈ ਜਾਵੇਗੀ।
- ਫਿਜ਼ਿਕਸ, ਕੈਮਿਸਟਰੀ, ਬਾਇਓਲੋਜੀ, ਫਿਜ਼ੀਕਲ ਐਜੂਕੇਸ਼ਨ, ਸੰਗੀਤ, ਕੰਪਿਊਟਰ, MOP ਆਦਿ ਵਿਸ਼ਿਆ ਲਈ ਲੈਬ ਚਾਰਜ਼ 150 ਰੁ: ਸਲਾਨਾ, ਪ੍ਰਤੀ-ਵਿਸ਼ਾ ਦੇ ਹਿਸਾਬ ਨਾਲ ਦੂਜੀ ਕਿਸ਼ਤ ਦੇ ਨਾਲ ਹੀ ਵਸੂਲੇ ਜਾਣਗੇ।
- ਸਕੂਲ ਫੰਡਾਂ ਜਾਂ ਹੋਰ ਤਬਦੀਲੀਆਂ ਲਈ ਜਾਣਕਾਰੀ ਰੱਖਣਾ ਵਿਦਿਆਰਥੀ ਦੀ ਹੀ ਜ਼ਿੰਮੇਵਾਰੀ ਹੈ।
- ਦੂਸਰੇ ਬੋਰਡਾਂ ਤੋਂ ਆਏ ਵਿਦਿਆਰਥੀਆਂ ਨੂੰ ਰਜਿਸਟਰੇਸ਼ਨ ਫੀਸ, ਕੰਟੀਨਿਊਸ਼ਨ ਫੀਸ ਪਹਿਲੀ ਕਿਸ਼ਤ ਨਾਲ ਦੇਣੀ ਪਵੇਗੀ। ਇਹ ਫੀਸ 1000/- ਰੁਪਏ ਹੋਵੇਗੀ ਅਤੇ ਉੱਪਰ ਦਿੱਤੀ ਫੀਸ ਤੋਂ ਅਲੱਗ ਹੋਵੇਗੀ।
- ਜੇ ਬੋਰਡ ਵੱਲੋਂ ਪ੍ਰੀਖਿਆ ਫ਼ੀਸ ਅਤੇ ਮਾਇਗ੍ਰੇਸ਼ਨ ਫ਼ੀਸ ਵਿੱਚ ਕੋਈ ਤਬਦੀਲੀ ਆਉਂਦੀ ਹੈ ਤਾਂ ਵਿਦਿਆਰਥੀ ਨੂੰ ਉਸ ਅਨੁਸਾਰ ਹੀ ਫ਼ੀਸ ਦੇਣੀ ਹੋਵੇਗੀ।
- ਫ਼ੀਸ ਦੀ ਦੂਜੀ ਕਿਸ਼ਤ ਸਤੰਬਰ ਅਤੇ ਤੀਸਰੀ ਕਿਸ਼ਤ ਦਸੰਬਰ ਦੇ ਮਹੀਨੇ ਵਿੱਚ ਜ਼ਮ੍ਹਾਂ ਕਰਵਾਈ ਜਾਵੇਗੀ।
- ਨੌਵੀਂ, ਦਸਵੀਂ, 10+1, 10+2 ਸ਼੍ਰੇਣੀਆਂ ਲਈ ਦਾਖ਼ਲਾ ਮਿਤੀਆਂ ਦਾ ਸ਼ਡਿਊਲ ਪੰਜਾਬ ਬੋਰਡ ਦੇ ਅਨੁਸਾਰ ਹੋਵੇਗਾ।
- ਐਡੀਸ਼ਨਲ ਵਿਸ਼ੇ ਦੀ ਫ਼ੀਸ ਪ੍ਰਤੀ-ਵਿਸ਼ਾ 1200/- ਰੁ: ਹੋਵੇਗੀ।

**ਵਿਸ਼ੇਸ਼ ਨੋਟ : ਜੇਕਰ ਕੋਈ ਵਿਦਿਆਰਥੀ ਕਿਸੇ ਵੀ ਕਾਰਨ ਸਕੂਲ ਛੱਡ ਕੇ ਜਾਂਦਾ ਹੈ ਤਾਂ ਉਸਦੀ ਜਮ੍ਹਾਂ ਕੀਤੀ ਫੀਸ ਵਾਪਿਸ ਨਹੀਂ ਹੋਵੇਗੀ।**

# ਸਾਲ-2025 ਦੌਰਾਨ ਪੰਜਾਬ ਸਰਕਾਰ ਦੁਆਰਾ ਘੋਸ਼ਿਤ ਕੀਤੀਆਂ ਗਈਆਂ ਛੁੱਟੀਆਂ ਦੀ ਸੂਚੀ

| | |
|---|---|
| 1. ਜਨਮ ਦਿਹਾੜਾ ਸ਼੍ਰੀ ਗੁਰੂ ਗੋਬਿੰਦ ਸਿੰਘ | 06 ਜਨਵਰੀ |
| 2. ਗਣਤੰਤਰ ਦਿਵਸ | 26 ਜਨਵਰੀ |
| 3. ਜਨਮ ਦਿਵਸ ਸ਼੍ਰੀ ਗੁਰੂ ਰਵੀਦਾਸ ਜੀ | 12 ਫਰਵਰੀ |
| 4. ਮਹਾ ਸ਼ਿਵਰਾਤਰੀ | 26 ਫਰਵਰੀ |
| 5. ਹੋਲੀ | 14 ਮਾਰਚ |
| 6. ਸ਼ਹੀਦੀ ਦਿਵਸ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਜੀ | 23 ਮਾਰਚ |
| 7. ਈਦ-ਉੱਲ-ਫਿਤਰ | 31 ਮਾਰਚ |
| 8. ਰਾਮ ਨੋਮੀ | 06 ਅਪ੍ਰੈਲ |
| 9. ਜਨਮ ਦਿਵਸ ਸ਼ੀ ਗੁਰੂ ਨਾਭਾ ਦਾਸ | 08 ਅਪ੍ਰੈਲ |
| 10. ਮਹਾਵੀਰ ਜੈਯੰਤੀ | 10 ਅਪ੍ਰੈਲ |
| 11. ਵਿਸਾਖੀ | 13 ਅਪ੍ਰੈਲ |
| 12. ਜਨਮ ਦਿਨ ਡਾ: ਬੀ ਆਰ. ਅੰਬੇਡਕਰ | 14 ਅਪ੍ਰੈਲ |
| 13. ਗੁੱਡ ਫਰਾਈਡੇ | 18 ਅਪ੍ਰੈਲ |
| 14. ਭਗਵਾਨ ਪਰਸ਼ੂ ਰਾਮ ਜਨਮ ਉਤਸਵ | 29 ਅਪ੍ਰੈਲ |
| 15. ਮਈ ਦਿਵਸ | 01 ਮਈ |
| 16. ਸ਼ਹੀਦੀ ਦਿਵਸ ਸ਼੍ਰੀ ਗੁਰੂ ਅਰਜਨ ਦੇਵ ਜੀ | 30 ਮਈ |
| 17. ਈਦ-ਉੱਲ-ਜੁਹਾ (ਬਕਰੀਦ) | 07 ਜੂਨ |
| 18. ਕਬੀਰ ਜੈਯੰਤੀ | 11 ਜੂਨ |
| 19. ਸੁਤੰਤਰਤਾ ਦਿਵਸ | 15 ਅਗਸਤ |
| 20. ਜਨਮ ਅਸ਼ਟਮੀ | 16 ਅਗਸਤ |
| 21. ਮਹਾਰਾਜ ਅਗਰਸੈਨ ਜੈਯੰਤੀ | 22 ਸਤੰਬਰ |
| 22. ਜਨਮ ਦਿਵਸ ਮਹਾਤਮਾ ਗਾਂਧੀ ਜੀ | 02 ਅਕਤੂਬਰ |
| 23. ਦੁਸਹਿਰਾ | 02 ਅਕਤੂਬਰ |
| 24. ਜਨਮ ਦਿਵਸ ਮਹਾਰਿਸ਼ੀ ਵਾਲਮੀਕਿ ਜੀ | 07 ਅਕਤੂਬਰ |
| 25. ਦੀਵਾਲੀ | 20 ਅਕਤੂਬਰ |
| 26. ਵਿਸ਼ਵਕਰਮਾ ਦਿਵਸ | 21 ਅਕਤੂਬਰ |
| 27. ਗੁਰਪੁਰਬ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ | 05 ਨਵੰਬਰ |
| 28. ਸ਼ਹੀਦੀ ਦਿਵਸ ਸ. ਕਰਤਾਰ ਸਿੰਘ ਸਰਾਭਾ ਜੀ | 16 ਨਵੰਬਰ |
| 29. ਸ਼ਹੀਦੀ ਦਿਵਸ ਸ਼੍ਰੀ ਗੁਰੂ ਤੇਗ ਬਹਾਦਰ ਜੀ | 25 ਨਵੰਬਰ |
| 30. ਕ੍ਰਿਸਮਿਸ ਦਿਵਸ | 25 ਦਸੰਬਰ |
| 31. ਸ਼ਹੀਦੀ ਸਭਾ, ਸ਼੍ਰੀ ਫਤਿਹਗੜ੍ਹ ਸਾਹਿਬ | 27 ਦਸੰਬਰ |

ਉਪਰੋਕਤ ਛੁੱਟੀਆਂ ਤੋ ਇਲਾਵਾ ਪੰਜਾਬ ਸਰਕਾਰ ਦੁਆਰਾ ਘੋਸ਼ਿਤ ਦੋ ਪੂਰੇ ਅਤੇ ਚਾਰ ਅੱਧੇ ਦਿਨ ਦੀਆਂ ਰਾਖਵੀਆਂ ਛੁੱਟੀਆਂ ਦੀ ਸੁਚੀ ਨਿਮਨ ਅਨੁਸਾਰ ਹੈ:-

**ਪੂਰੇ ਦਿਨ ਦੀਆਂ ਛੁੱਟੀਆਂ:**

1. ਹੋਲਾ ਮਹੱਲਾ (15 ਮਾਰਚ 2025, ਸ਼ਨੀਵਾਰ)
2. ਗੋਵਰਧਨ ਪੂਜਾ (22 ਅਕਤੂਬਰ 2025, ਬੁੱਧਵਾਰ)

**ਅੱਧੇ ਦਿਨ ਦੀਆਂ ਚਾਰ ਛੁੱਟੀਆਂ ਦਾ ਵੇਰਵਾ**

1. ਜਨਮ ਦਿਵਸ ਸ਼੍ਰੀ ਗੁਰੂ ਰਵੀਦਾਸ ਜੀ (11 ਫਰਵਰੀ 2025, ਮੰਗਲਵਾਰ)
2. ਸ਼੍ਰੀ ਰਾਮ ਨੌਮੀ (05 ਅਪ੍ਰੈਲ 2025, ਸ਼ਨੀਵਾਰ)
3. ਮਹਾਵੀਰ ਜੈਯੰਤੀ (09 ਅਪ੍ਰੈਲ 2025, ਬੁੱਧਵਾਰ)
4. ਜਨਮ ਦਿਵਸ ਸ਼੍ਰੀ ਗੁਰੂ ਨਾਨਕ ਦੇਵ ਜੀ (04 ਨਵੰਬਰ 2025, ਮੰਗਲਵਾਰ)

ਇਸ ਤੋਂ ਇਲਾਵਾ ਮਹੀਨੇ ਦੇ ਦੂਜੇ ਸ਼ਨੀਵਾਰ ਨੂੰ ਸਕੂਲ ਵਿੱਚ ਛੁੱਟੀ ਰਹੇਗੀ ਅਤੇ ਪੰਜਾਬ ਸਰਕਾਰ ਦੁਆਰਾ ਸਮੇਂ-ਸਮੇਂ ਤੇ ਘੋਸ਼ਿਤ ਹੋਣ ਵਾਲੀਆਂ ਛੁੱਟੀਆਂ ਵੀ ਕੀਤੀਆਂ ਜਾਣਗੀਆਂ।

# OUR FACULTY





# DEPARTMENTS


Chemistry Lab


Bio Lab


Physics Lab


Computer Lab


Yoga Room


Music Lab


Library


Exam. Branch

# CANCER AWARENESS CAMP















# CO-CURRICULAR ACTIVITIES






# ECO CLUB









# NSS ACTIVITIES














# RELIGIOUS ACTIVITIES




# SEMINARS






# SCIENCE ACTIVITIES















# SPORTS


SPORTS COMPLEX
"Play For Fitness and Healthy Living"
65th Annual Athletic Meet
Organised by
Department of Sports
.D. COLLEGE INSTITUTIONS, BARNAL









# SPORTS






WELCOME


WELCOME


WELCOME


65th Annual Athletic Meet
Department of Sports

# OUR PRIDE



Navjot Kaur
+2 ARTS
**89.8%**



Samriti Gupta
+2 COMMERCE
**96.8%**



Qualified JEE Mains

Yashu Bansal
+2 SCIENCE
**94%**



Archita
+1 ARTS
**94.6%**



Komal Shelly
+1 COMMERCE
**94.0%**



Bhavneesh Bansal
+1 SCIENCE
**86.2%**



Udayraj Singh
+2 ARTS
*Best Singer & Rhythmist*



Chamkaur Singh
+2 ARTS
*Best Rhythmist & Singer*



Gagandeep Sharma
+1 ARTS
*Bronze Medal (State) Boxing*



Gurnoor Bawa
+2 COMMERCE
*Silver Medal (State) Kick Boxing*



Sahil Kumar
+2 ARTS
*Silver Medal (State) Boxing*



Kangna
+1 COMMERCE
*Best Guitarist*


**Dr. Raghubir Parkash**
S.D. Sen .Sec. School Barnala
**S.D. College Campus**

www.sdcollegeinstitutions.org.
Email. drrpsdbarnala@gmail.com

Tel. 01679-233505, Fax. 01679-241505,233505